# ਦਫ਼ਤਰ ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ

ਨਗਰ ਨਿਗਮ, ਐਸ.ਏ.ਐਸ ਨਗਰ ਦੀ ਸਧਾਰਨ ਮੀਟਿੰਗ ਮਿਤੀ: 10-07-2023 ਨੂੰ ਸਮਾਂ ਦੁਪਹਿਰ 12:00 ਵਜੇ ਸ਼੍ਰੀ ਅਮਰਜੀਤ ਸਿੰਘ ਸਿੱਧੂ, ਮੇਅਰ, ਨਗਰ ਨਿਗਮ, ਐਸ.ਏ.ਐਸ ਨਗਰ ਜੀ ਪ੍ਰਧਾਨਗੀ ਹੇਠ ਮਿਉਂਸਪਲ ਭਵਨ, ਸੈਕਟਰ-68 ਵਿਖੇ ਹੋਈ। ਜਿਸ ਵਿੱਚ ਹੇਠ ਲਿਖੇ ਮੈਂਬਰ ਸਾਹਿਬਾਨ ਹਾਜ਼ਰ ਆਏ:-

| ਵਾਰਡ ਨੰ: | ਕੌਂਸਲਰ ਦਾ ਨਾਮ | ਵਾਰਡ ਨੰ: | ਕੌਂਸਲਰ ਦਾ ਨਾਮ | ਵਾਰਡ ਨੰ: | ਕੌਂਸਲਰ ਦਾ ਨਾਮ |
|---|---|---|---|---|---|
| 42 | ਸ਼੍ਰੀ ਅਮਰੀਕ ਸਿੰਘ ਸੋਮਲ, ਸੀਨੀਅਰ ਡਿਪਟੀ ਮੇਅਰ | 15 | ਸ਼੍ਰੀਮਤੀ ਨਿਰਮਲ ਕੋਰ | 32 | ਸ਼੍ਰੀ ਹਰਜੀਤ ਸਿੰਘ ਬੈਦਵਾਨ |
| 8 | ਸ਼੍ਰੀ ਕੁਲਜੀਤ ਸਿੰਘ ਬੇਦੀ, ਡਿਪਟੀ ਮੇਅਰ | 16 | ਸ਼੍ਰੀ ਨਰਪਿੰਦਰ ਸਿੰਘ ਰੰਗੀ | 34 | ਸ਼੍ਰੀ ਸੁਖਦੇਵ ਸਿੰਘ |
| 1 | ਸ਼੍ਰੀਮਤੀ ਜਸਪ੍ਰੀਤ ਕੋਰ | 19 | ਸ਼੍ਰੀਮਤੀ ਰਾਜ ਰਾਣੀ ਜੈਨ | 35 | ਸ਼੍ਰੀ ਅਰੂਨਾ ਸ਼ਰਮਾ |
| 2 | ਸ਼੍ਰੀ ਮਨਜੀਤ ਸਿੰਘ ਸੇਠੀ | 20 | ਸ਼੍ਰੀ ਰਿਸ਼ਵ ਜੈਨ | 36 | ਸ਼੍ਰੀ ਪ੍ਰਮੋਦ ਕੁਮਾਰ |
| 3 | ਸ਼੍ਰੀਮਤੀ ਦਵਿੰਦਰ ਕੋਰ ਵਾਲਿਆ | 21 | ਸ਼੍ਰੀਮਤੀ ਹਰਸ਼ਪ੍ਰੀਤ ਕੌਰ ਭੰਮਰਾ | 40 | ਸ਼੍ਰੀ ਸੁੱਚਾ ਸਿੰਘ ਕਲੌੜ |
| 4 | ਸ਼੍ਰੀ ਰਜਿੰਦਰ ਸਿੰਘ ਰਾਣਾ | 22 | ਸ਼੍ਰੀ ਜਸਬੀਰ ਸਿੰਘ ਮੰਣਕੂ | 41 | ਸ਼੍ਰੀਮਤੀ ਕੁਲਵੰਤ ਕੋਰ |
| 5 | ਸ਼੍ਰੀਮਤੀ ਰੁਪਿੰਦਰ ਕੋਰ ਰੀਨਾ | 23 | ਸ਼੍ਰੀਮਤੀ ਜਤਿੰਦਰ ਕੋਰ | 43 | ਸ਼੍ਰੀਮਤੀ ਹਰਵਿੰਦਰ ਕੋਰ |
| 6 | ਸ਼੍ਰੀ ਜਸਪ੍ਰੀਤ ਸਿੰਘ ਗਿੱਲ | 24 | ਸ਼੍ਰੀ ਚਰਨ ਸਿੰਘ ਮਾਸਟਰ | 44 | ਸ਼੍ਰੀ ਜਗਦੀਸ ਸਿੰਘ |
| 7 | ਸ਼੍ਰੀਮਤੀ ਬਲਜੀਤ ਕੋਰ | 25 | ਸ਼੍ਰੀ ਮਨਜੀਤ ਕੋਰ | 45 | ਸ਼੍ਰੀਮਤੀ ਮੀਨਾ ਕੌਂਡਲ |
| 9 | ਸ਼੍ਰੀਮਤੀ ਬਲਰਾਜ ਕੋਰ | 27 | ਸ਼੍ਰੀਮਤੀ ਪਰਵਿੰਦਰ ਕੋਰ | 46 | ਸ਼੍ਰੀ ਰਵਿੰਦਰ ਸਿੰਘ |
| 11 | ਸ਼੍ਰੀਮਤੀ ਅਨੁਰਾਧਾ ਆਨੰਦ ਅੰਨੁ | 28 | ਸ਼੍ਰੀਮਤੀ ਰਮਨਪ੍ਰੀਤ ਕੋਰ | 47 | ਸ਼੍ਰੀਮਤੀ ਸੁਮਨ |
| 12 | ਸ਼੍ਰੀ ਪਰਮਜੀਤ ਸਿੰਘ ਹੈਪੀ | 29 | ਸ਼੍ਰੀਮਤੀ ਕੁਲਦੀਪ ਕੋਰ | 48 | ਸ਼੍ਰੀ ਨਰਾਇਣ ਸਿੰਘ ਸਿੱਧੂ |
| 13 | ਸ਼੍ਰੀਮਤੀ ਨਮਰਤਾ ਸਿੰਘ | 30 | ਸ਼੍ਰੀ ਵਿਨੀਤ ਮਲਿਕ | 49 | ਸ਼੍ਰੀਮਤੀ ਗੁਰਪ੍ਰੀਤ ਕੋਰ |
| 14 | ਸ਼੍ਰੀ ਕਮਲਪ੍ਰੀਤ ਸਿੰਘ ਬਨੀ | 31 | ਸ਼੍ਰੀਮਤੀ ਕੁਲਜਿੰਦਰ ਕੋਰ | 50 | ਸ਼੍ਰੀਮਤੀ ਗੁਰਮੀਤ ਕੌਰ |

ਮਾਨਯੋਗ ਹਾਊਸ ਵੱਲੋਂ ਮੀਟਿੰਗ ਦੇ ਸ਼ੁਰੂ ਹੋਣ ਤੋਂ ਪਹਿਲਾਂ ਪਿਛਲੇ ਦਿਨਾਂ ਵਿੱਚ ਬਿਛੜੀਆਂ ਰੂਹਾਂ ਸ਼੍ਰੀ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਮੁੱਖ ਮੰਤਰੀ, ਪੰਜਾਬ, ਸ਼੍ਰੀ ਬੀਰ ਦਵਿੰਦਰ ਸਿੰਘ, ਸਾਬਕਾ ਡਿਪਟੀ ਸਪੀਕਰ, ਸ.ਅਮਰੀਕ ਸਿੰਘ, ਤਹਿਸੀਲਦਾਰ, ਸਾਬਕਾ ਕੌਂਸਲਰ, ਨਗਰ ਨਿਗਮ, ਐਸ.ਏ.ਐਸ ਨਗਰ, ਸ਼੍ਰੀ ਮਾਸਟਰ ਚਰਨ ਸਿੰਘ, ਮਿਉਂਸਪਲ ਕੌਂਸਲਰ, ਵਾਰਡ ਨੰ: 24 ਜੀ ਦੀ ਬੇਟੀ, ਸ਼੍ਰੀਮਤੀ ਮਨਜੀਤ ਕੌਰ, ਮਿਉਂਸਪਲ ਕੌਂਸਲਰ, ਵਾਰਡ ਨੰ: 25 ਜੀ ਦੇ ਭਰਾ ਦੀ ਅਚਾਨਕ ਮੌਤ ਹੋਣ ਤੇ ਹਾਊਸ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਬਿਛੜੀ ਰੂਹ ਦੀ ਆਤਮਾ ਦੀ ਸ਼ਾਂਤੀ ਲਈ 2 ਮਿੰਟ ਦਾ ਮੌਨ ਰੱਖਿਆ ਗਿਆ।

| Sr. No. | Resolution No. | Date of Meeting | Resolution Description | Orders of Competent Authority |
|---|---|---|---|---|
| 1) | 193 | 10-07-2023 | ਨਗਰ ਨਿਗਮ, ਐਸ.ਏ.ਐਸ ਨਗਰ ਦੀ ਪਿਛਲੀ ਸਧਾਰਨ ਮੀਟਿੰਗ ਰਾਂਹੀ ਮਿਤੀ: 24-03-2023 (Budget Meeting) ਅਤੇ 24-03-2023 (ਸਧਾਰਨ ਮੀਟਿੰਗ) ਦੀ ਕਾਰਵਾਈ ਦੀ ਪੁਸ਼ਟੀ ਕਰਨ ਸਬੰਧੀ। | **ਸਰਬ-ਸੰਮਤੀ ਨਾਲ ਪਿਛਲੀ ਮੀਟਿੰਗ ਦੀ ਪੁਸ਼ਟੀ ਕੀਤੀ ਗਈ।** |
| 2) | 194 | 10-07-2023 | ਨਗਰ ਨਿਗਮ, ਐਸ.ਏ.ਐਸ ਨਗਰ ਦੀ ਪਿਛਲੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ: 15-06-2023 ਦੀ ਕਾਰਵਾਈ ਦੀ ਪੁਸ਼ਟੀ ਕਰਨ ਸਬੰਧੀ। | **ਸਰਬ-ਸੰਮਤੀ ਨਾਲ ਪਿਛਲੀ ਮੀਟਿੰਗ ਦੀ ਪੁਸ਼ਟੀ ਕੀਤੀ ਗਈ।** |
| 3) | 195 | 10-07-2023 | **Estimate for Bio remediation of Municipal dump site at Ind. area Phase-8b.S.A.S Nagar Mohali.**<br><br>ਰਿਪੋਰਟ ਇੰਜ: ਸਾਖਾ (O&M) ਕਿ ਨਗਰ ਨਿਗਮ, ਐਸ.ਏ.ਐਸ ਨਗਰ ਵੱਲੋਂ 416.18 ਲੱਖ ਰੁਪਏ ਦਾ ਤਖਮੀਨਾ ਡੰਪ ਸਾਇਟ ਤੇ ਪਏ ਕੂੜੇ ਨੂੰ ਪ੍ਰੋਸੈਸ ਕਰਨ ਦਾ ਤਿਆਰ ਕੀਤਾ ਗਿਆ ਸੀ, ਜੋ ਕਿ ਤਕਨੀਕੀ ਪ੍ਰਵਾਨਗੀ ਲਈ ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ, ਚੰਡੀਗੜ੍ਹ ਜੀ ਨੂੰ ਭੇਜਿਆ ਗਿਆ ਸੀ। ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ, ਚੰਡੀਗੜ੍ਹ ਵੱਲੋਂ ਪੱਤਰ ਨੰ: CE-2023/13834 ਮਿਤੀ: 14-03-2023 ਰਾਹੀਂ ਡੰਪ ਸਾਇਟ ਤੇ ਕੂੜੇ ਦੀ ਮਾਤਰਾ ਵਧਣ ਸਬੰਧੀ ਵਿਸਥਾਰ ਪੂਰਵਕ ਰਿਪੋਰਟ ਦੀ ਮੰਗ ਕੀਤੀ ਗਈ ਸੀ। ਇਸ ਸਬੰਧੀ ਸੈਨੀਟੇਸ਼ਨ ਸ਼ਾਖਾ ਤੋਂ ਰਿਪੋਰਟ ਪ੍ਰਾਪਤ ਕਰਨ ਉਪਰੰਤ ਇਸ ਦਫ਼ਤਰ ਦੇ ਪੱਤਰ ਨੰ: 1740 ਮਿਤੀ: 17-04-2023 ਨੂੰ ਮੁੱਖ ਇੰਜੀਨੀਅਰ ਜੀ ਨੂੰ ਭੇਜੀ ਗਈ ਸੀ।<br>ਇਸ ਸਬੰਧੀ ਮਾਨਯੋਗ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਚੰਡੀਗੜ੍ਹ ਜੀ ਵੱਲੋਂ ਮਿਤੀ: 09-05-2023 ਨੂੰ ਇਸ ਤਖਮੀਨੇ ਦੀ ਤਕਨੀਕੀ ਪ੍ਰਵਾਨਗੀ ਸਬੰਧੀ ਕਮਿਸ਼ਨਰ ਨਗਰ ਨਿਗਮ ਅਤੇ ਨਿਗਰਾਨ ਇੰਜੀਨੀਅਰ ਨਗਰ ਨਿਗਮ ਨਾਲ ਮੀਟਿੰਗ ਰੱਖੀ ਗਈ ਸੀ। ਇਸ ਮੀਟਿੰਗ ਵਿੱਚ ਪ੍ਰਵਾਨ ਕੀਤਾ ਗਿਆ ਕਿ ਮਿਤੀ: 30-08-2023 ਤੱਕ ਇੱਕਠੇ ਹੋਣ ਵਾਲੇ ਫਰੈਸ਼ ਵੇਸਟ ਦੀ ਪ੍ਰੋਵੀਜ਼ਨ ਵੀ ਇਸ ਤਖਮੀਨੇ ਵਿੱਚ ਕੀਤੀ ਜਾਵੇ, ਕਿਉਕਿ ਜੋ ਫਰੈਸ਼ ਵੇਸਟ ਦੀ ਮੈਨੇਜਮੈਂਟ ਲਈ ਨਗਰ ਨਿਗਮ ਵੱਲੋਂ ਮੰਗੇ ਜਾ ਰਹੇ ਈ.ਓ.ਆਈ.ਨੂੰ ਕਾਲ ਕਰਨ ਅਤੇ ਅਲਾਟ ਕਰਨ ਵਿੱਚ 3 ਮਹੀਨੇ ਦਾ ਸਮਾਂ ਲੱਗ ਸਕਦਾ ਹੈ ਅਤੇ ਮੁੱਖ ਇੰਜੀਨੀਅਰ ਜੀ ਵੱਲੋਂ ਤਖਮੀਨੇ ਵਿੱਚ ਲੋੜੀਦੀ ਸੋਧ ਕਰਨ ਲਈ ਤਖਮੀਨਾ ਨਗਰ ਨਿਗਮ, ਐਸ.ਏ.ਐਸ ਨਗਰ ਨੂੰ ਈ.ਪੀ.ਐਮ.ਐਸ .ਪੋਰਟਲ (ਆਨਲਾਇਨ) ਵਾਪਿਸ ਭੇਜਿਆ ਗਿਆ, ਜੋ ਕਿ ਇਸ ਦਫ਼ਤਰ ਵੱਲੋਂ ਤਖਮੀਨੇ ਵਿੱਚ ਮਿਤੀ: 30-08-2023 ਤੱਕ ਦੇ ਕੂੜੇ ਦੀ ਮਿਕਦਾਰ ਦਾ ਵਾਧਾ ਕਰਕੇ ਅਤੇ ਆਰ.ਡੀ.ਐਫ.ਦੀ ਪ੍ਰੋਸੈਸਿੰਗ/ਕੁਆਲਟੀ ਇੰਪਰੂਵਰ ਕਰਨ ਲਈ Ballistic separator Capacity 25 TPD ਦੀ ਪ੍ਰੋਵੀਜ਼ਨ ਇਸ ਤਖਮੀਨੇ ਵਿੱਚ ਕਰਨ ਉਪਰੰਤ ਰਿਵਾਇਜਡ ਤਖਮੀਨਾ 424.29 ਲੱਖ ਰੁਪਏ ਦਾ ਮੁੱਖ ਇੰਜੀਨੀਅਰ ਜੀ ਨੂੰ ਭੇਜਿਆ ਗਿਆ ਸੀ। ਜਿਸ ਦੀ ਤਕਨੀਕੀ ਪ੍ਰਵਾਨਗੀ ਉਹਨਾਂ ਵੱਲੋਂ ਮਿਤੀ: 11-05-2023 ਨੂੰ ਆਨਲਾਇਨ ਪੋਰਟਲ ਰਾਹੀਂ ਰਾਹੀਂ ਭੇਜ ਦਿੱਤੀ ਗਈ ਹੈ।<br>ਇਥੇ ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਕੂੜੇ ਦੀ ਬਾਇਓ ਰੈਮੀਡੇਸ਼ਨ ਦਾ ਕੰਮ **M/s Ecostan Infra Pvt. Ltd.** ਵੱਲੋਂ ਕੀਤਾ ਜਾ ਰਿਹਾ ਸੀ, ਜੋ ਕਿ ਮੁਕੰਮਲ ਹੋ ਚੁੱਕਾ ਹੈ। ਕਿਉਜੋ ਕੂੜੇ ਦੀ ਪ੍ਰਸੈਸਿੰਗ ਦੇ ਕੰਮ ਨੂੰ ਬੰਦ ਨਹੀਂ ਕੀਤਾ ਜਾ ਸਕਦਾ, ਇਸ ਕੰਮ ਦੇ ਟੈਂਡਰ ਤੁਰੰਤ ਕਾਲ ਕੀਤੇ ਜਾਣੇ ਹਨ। ਇਸ ਲਈ ਕੇਸ ਨਗਰ ਨਿਗਮ ਦੇ ਹਾਊਸ ਦੀ ਆਉਣ ਵਾਲੀ ਮੀਟਿੰਗ ਵਿੱਚ ਪ੍ਰਵਾਨਗੀ ਲਈ ਭੇਜਣਾ ਯੋਗ ਹੋਵੇਗਾ।<br>ਉਕਤ ਕੰਮ ਸਬੰਧੀ ਮਾਨਯੋਗ ਕਮਿਸ਼ਨਰ ਨਗਰ ਨਿਗਮ ਐਸ.ਏ.ਐਸ ਨਗਰ ਜੀ ਦੀ ਪ੍ਰਵਾਨਗੀ ਉਪਰੰਤ ਮਾਨਯੋਗ ਮੇਅਰ ਜੀ ਵੱਲੋਂ ਹਾਊਸ ਦੀ ਆਉਣ ਵਾਲੀ ਮੀਟਿੰਗ ਵਿੱਚ ਪਾਸ ਹੋਣ ਦੀ ਆਸ ਵਿੱਚ ਪ੍ਰਵਾਨਗੀ ਦਿਤੀ ਗਈ ਸੀ। ਉਕਤ ਕੇਸ ਮਾਨਯੋਗ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। | **ਸਰਬ-ਸੰਮਤੀ ਨਾਲ ਪ੍ਰਵਾਨ ਹੈ।** |

<table>
<tr><td>4)</td><td>196</td><td>10-07-2023</td><td><u>ਨਗਰ ਨਿਗਮ ਦੀ ਹਦੂਦ ਵਿੱਚੋਂ ਮੁਰਦਾ ਜਾਨਵਰਾਂ ਨੂੰ ਚੁੱਕਣ ਦੇ ਕੰਮ ਦੀ ਅਦਾਇਗੀ ਸਬੰਧੀ।</u><br><br>ਰਿਪੋਰਟ ਸੈਨੀਟੇਸ਼ਨ ਸਾਖਾ ਕਿ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਵੱਲੋਂ ਸ਼ਹਿਰ ਵਿੱਚੋਂ ਮੁਰਦਾ ਜਾਨਵਰਾਂ ਨੂੰ ਚੁੱਕਣ ਦਾ ਠੇਕਾ ਸ੍ਰੀ ਦੀਨ ਦਾਸ ਪੁੱਤਰ ਸ੍ਰੀ ਭੰਗੀ ਦਾਸ, ਖਰੜ ਨੂੰ ਇੱਕ ਸਾਲ ਲਈ ਰਕਮ 34500/- ਰੁਪਏ ਵਿੱਚ ਮਿਤੀ 29-06-2022 ਤੋ 24-6-2023 ਤੱਕ ਇੱਕ ਸਾਲ ਲਈ ਅਲਾਟ ਕੀਤਾ ਗਿਆ ਸੀ। ਹੁਣ ਮਿਤੀ 9-3-2023 ਨੂੰ ਸ੍ਰੀ ਦੀਨ ਦਾਸ ਪੁੱਤਰ ਸ੍ਰੀ ਭੰਗੀ ਦਾਸ ਮੌਤ ਹੋ ਗਈ ਹੈ। ਮੌਤ ਦਾ ਸਰਟੀਫਿਕੇਟ ਨਾਲ ਨੱਥੀ ਹੈ। ਕਿਉਜੋ ਨਗਰ ਨਿਗਮ ਦੀ ਹਦੂਦ ਵਿੱਚੋਂ ਮੁਰਦਾ ਜਾਨਵਰਾਂ ਨੂੰ ਚੁੱਕਣ ਦਾ ਕੰਮ ਅਤਿ ਜਰੂਰੀ ਸੇਵਾ ਵਿੱਚ ਆਉਦਾਂ ਹੈ। ਸ਼ਹਿਰ ਵਿੱਚ ਰੋਜਾਨਾ 3 ਤੋ 4 ਪਸ਼ੂ ਮਰ ਜਾਂਦੇ ਹਨ।ਇਹਨਾਂ ਪਸ਼ੂਆ ਨੂੰ ਚੁੱਕ ਕੇ ਲੈ ਜਾਣਾ ਜਰੂਰੀ ਹੂੰਦਾ ਹੈ।ਤਾਂ ਜੋ ਗਊਸਾਲਾ ਅਤੇ ਸਹਿਰ ਵਿਚ ਕਿਸੇ ਵੀ ਤਰ੍ਹਾ ਦੀ ਕੋਈ ਮਾਹਮਾਰੀ/ਬਿਮਾਰੀ ਨਾ ਫੈਲ ਸਕੇ ਅਤੇ ਲੋਕਾਂ ਦੀ ਧਾਰਮਿਕ ਭਾਵਨਾਵਾ ਨੂੰ ਠੇਸ ਨਾ ਪੁਹੰਚੇ। ਨਗਰ ਨਿਗਮ ਦੀ ਆਪਣੀ ਕੋਈ ਹਡਾ ਰੋੜੀ ਦੀ ਜਗ੍ਹਾਂ ਨਾ ਹੋਣ ਕਾਰਨ ਇਹ ਕੰਮ ਠੇਕੇ ਤੇ ਦੇ ਕੇ ਕਰਵਾਈਆ ਜਾ ਰਿਹਾ ਹੈ। ਜੇ ਕਰ ਮੁਰਦਾ ਜਾਨਵਰਾਂ ਨੂੰ ਚੁੱਕਣ ਲਈ ਨਵੇਂ ਸਿਰੇ ਤੋ ਬੋਲੀ ਕਰਵਾਈ ਜਾਂਦੀ ਹੈ ਤਾਂ ਲਗਭਗ 2 ਮਹੀਨੇ ਦਾ ਸਮਾਂ ਲੱਗ ਸਕਦਾ ਹੈ। ਇਹ ਕੰਮ ਸ੍ਰੀ ਦੀਨ ਦਾਸ ਪੁੱਤਰ ਸ੍ਰੀ ਭੰਗੀ ਦਾਸ ਨੂੰ ਮਿਤੀ 24-06-2023 ਤੱਕ ਅਲਾਟ ਕੀਤਾ ਗਿਆ ਸੀ। ਹੁਣ ਮ੍ਰਿਤਕ ਦੀ ਪਤਨੀ ਸ਼੍ਰੀਮਤੀ ਸੰਤੋਂ ਵੱਲੋਂ ਹਲਫੀਆਂ ਬਿਆਨ ਦਿੱਤਾ ਗਿਆ ਹੈ ਕਿ ਠੇਕੇ ਦੀ ਮਿਆਦ ਮਿਤੀ: 24-06-2023 ਤੱਕ ਉਹ ਸ਼ਹਿਰ ਵਿੱਚੋਂ ਮੁਰਦਾ ਜਾਨਵਰਾਂ ਨੂੰ ਚੁੱਕਣ ਦਾ ਕੰਮ ਆਪਣੇ ਪੁਤਰ ਅਤੇ ਲੈਬਰ ਰਾਹੀ ਕਰਵਾਂ ਰਹੀ ਹੈ।ਇਸ ਲਈ ਠੇਕੇ ਦੀ ਬਣਦੀ ਅਦਾਇਗੀ ਉਸਨੂੰ ਕੀਤੀ ਜਾਵੇ ਜੀ ਕਿਉਕੀਂ ਉਹ ਮ੍ਰਿਤਕ ਦੀ ਕਾਨੂੰਨੀ ਪਤਨੀ ਹੈ ਅਤੇ ਨੋਮਨੀ ਵੀ ਹੈ।<br>ਮੋਹਾਲੀ ਦੀ ਹਦੂਦ ਵਿੱਚੋਂ ਮੁਰਦਾ ਜਾਨਵਰਾਂ ਨੂੰ ਚੁੱਕਣ ਦੇ ਕੰਮ ਸ੍ਰੀ ਦੀਨ ਦਾਸ ਨੂੰ ਮਿਤੀ 24-06-2023 ਤੱਕ ਦਿੱਤਾ ਹੋਈਆ ਸੀ ਪਰੰਤੂ ਅਚਾਨਕ ਠੇਕੇਦਾਰ ਦੀ ਮਿਤੀ 9.3.2023 ਨੂੰ ਮੌਤ ਹੋਈ ਹੈ। ਪਰੰਤੂ ਮ੍ਰਿਤਕ ਦੀ ਪਤਨੀ ਵਲੋ ਹਲਫਿਆ ਬਿਆਨ ਦਿਤਾ ਹੈ ਕਿ ਉਹ ਇਹ ਕੰਮ ਆਪਣੇ ਪੁਤਰ ਅਤੇ ਲੇਬਰ ਰਾਹੀ ਕਰਵਾਈਆ ਜਾ ਰਿਹਾ ਹੈ। ਇਸ ਲਈ ਕੰਮ ਦੀ ਬਣਦੀ ਅਦਾਇਗੀ ਉਸਨੂੰ ਕੀਤੀ ਜਾਵੇ ਜੀ।<br>ਉਕਤ ਕੰਮ ਸਬੰਧੀ ਮਾਨਯੋਗ ਕਮਿਸ਼ਨਰ ਨਗਰ ਨਿਗਮ ਐਸ.ਏ.ਐਸ ਨਗਰ ਜੀ ਦੀ ਪ੍ਰਵਾਨਗੀ ਉਪਰੰਤ ਮਾਨਯੋਗ ਮੇਅਰ ਜੀ ਵੱਲੋਂ ਹਾਊਸ ਦੀ ਆਉਣ ਵਾਲੀ ਮੀਟਿੰਗ ਵਿੱਚ ਪਾਸ ਹੋਣ ਦੀ ਆਸ ਵਿੱਚ ਪ੍ਰਵਾਨਗੀ ਦਿਤੀ ਗਈ ਸੀ। ਉਕਤ ਕੇਸ ਮਾਨਯੋਗ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।</td><td>ਸਰਬ-ਸੰਮਤੀ ਨਾਲ ਰੂਲਾਂ ਅਨੁਸਾਰ ਪ੍ਰਵਾਨ ਹੈ।</td></tr>
<tr><td>5)</td><td>197</td><td>24-03-2023</td><td><u>ਅਧੀਨ ਸੇਵਾਵਾਂ ਚੋਣ ਬੋਰਡ ਵੱਲੋ ਕਲਰਕ (ਲੇਖਾ) ਦੀਆਂ ਅਸਾਮੀਆਂ ਤੇ ਸਿਲੈਕਟ ਕੀਤੇ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕਰਨ ਸਬੰਧੀ।</u><br><br>ਰਿਪੋਰਟ ਅਮਲਾ ਸਾਖਾ ਕਿ ਵਿਸ਼ੇ ਸਬੰਧੀ ਸਰਕਾਰ ਦੇ ਮੀਮੋ ਨੰ: ਭਰਤੀ ਸੈਲ-ਡਸਸ-2023/182 ਮਿਤੀ 18-04-2023 ਵਿੱਚ ਜਾਰੀ ਕੀਤੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਹੇਠ ਦਰਸ਼ਾਏ 4 ਉਮੀਦਵਾਰਾਂ ਦੇ ਕਲਰਕ (ਲੇਖਾ) ਦੇ ਨਿਯੁਕਤੀ ਪੱਤਰਾਂ ਨੂੰ ਲਾਅ ਅਫ਼ਸਰ, ਨਗਰ ਨਿਗਮ ਤੋ ਨੋਟਿੰਗ ਪੰਨਾ/2 ਰਾਹੀ ਵੈਟ ਕਰਵਾ ਲਿਆ ਗਿਆ ਹੈ।
<table>
<tr><th>Sr. No</th><th>Candidate Name /Father's Name</th><th>Address</th></tr>
<tr><td>1.</td><td>Kirandeep Kaur D/o Kulwant Singh</td><td>Vill. Jangpura (Gobindpura), S.A.S. Nagar Distt. S.A.S. Nagar 140601</td></tr>
<tr><td>2.</td><td>Geetanjali D/o Raj Kumar</td><td>H. No. 3, Street No. 29A, Anand Nagar B,</td></tr>
</table></td><td>ਸਰਬ-ਸੰਮਤੀ ਨਾਲ ਰੂਲਾਂ ਅਨੁਸਾਰ ਪ੍ਰਵਾਨ ਹੈ।</td></tr>
</table>

<table>
<tr>
<td></td>
<td></td>
<td></td>
<td>
<table>
<tr><td></td><td></td><td>Patiala, Distt. Patiala, 147001</td></tr>
<tr><td>3.</td><td>Harjinder Singh S/o Ajaib Singh</td><td>V.P.O. Dialpura, S.A.S. Nagar, Distt. S.A.S. Nagar, 140601</td></tr>
<tr><td>4.</td><td>Vishal Kumar S/o Naresh Kumar</td><td>Vill. Nagla, P.O. Handesra, Teh. Derabassi, Distt. S.A.S. Nagar, 140501</td></tr>
</table>
ਇੱਥੇ ਇਹ ਵੀ ਦੱਸਣਾ ਉਚਿਤ ਹੋਵੇਗਾ ਨਗਰ ਨਿਗਮ ਵੱਲੋ ਪੱਤਰ ਨੰ: 873 ਮਿਤੀ 09-04-2021 ਰਾਹੀ 25 ਕਲਰਕਾਂ ਦੀ ਰੈਗੂਲਰ ਤੌਰ ਤੇ ਸਿੱਧੀ ਭਰਤੀ ਕਰਨ ਲਈ ਭੇਜੇ ਗਏ ਮੰਗ ਪੱਤਰ ਅਤੇ ਮਤਾ ਨੰ: 172 ਮਿਤੀ 24-03-2023 ਰਾਹੀ ਕਲਰਕ(ਲੀਗਲ)/ਕਲਰਕ(ਆਈ.ਟੀ)/ਕਲਰਕ(ਲੇਖਾ) ਦੇ ਅਡਾਪਟ ਕੀਤੇ ਗਏ ਸਰਵਿਸ ਰੂਲਜ਼ ਦੀ ਰੋਸ਼ਨੀ ਵਿੱਚ ਹੀ ਸਰਕਾਰ ਵੱਲੋ ਉਕਤ 25 ਅਸਾਮੀਆਂ ਦੇ ਵਿਰੁੱਧ 4 ਕਲਰਕ (ਲੇਖਾ) ਦੀ ਤੈਨਾਤੀ ਨਗਰ ਨਿਗਮ ਵਿਖੇ ਕੀਤੀ ਗਈ ਹੈ।
ਜਿਵੇ ਕਿ ਸਦਰ ਦਫ਼ਤਰ, ਚੰਡੀਗੜ੍ਹ ਵੱਲੋ ਆਪਣੇ ਪੱਤਰ ਮਿਤੀ 18-04-2023 ਵਿੱਚ ਲਿਖਿਆ ਗਿਆ ਹੈ ਕਿ ਇਨ੍ਹਾਂ ਉਮੀਦਵਾਰਾਂ ਦੇ ਨਿਯੁਕਤੀ ਪੱਤਰ ਨਿਯਮਾਂ ਅਨੁਸਾਰ ਤਿਆਰ ਕਰਨ ਉਪਰੰਤ ਮਿਤੀ 19-04-2023 ਤੱਕ ਹਰ ਹਾਲਤ ਵਿੱਚ ਵਿਸ਼ੇਸ਼ ਹਰਕਾਰੇ ਰਾਹੀ ਇਸ ਵਿਭਾਗ ਨੂੰ ਭੇਜੇ ਜਾਣ ਤਾਂ ਜ਼ੋ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਵੱਲੋ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਦਿੱਤੇ ਜਾ ਸਕਣ। ਇਸ ਤਰ੍ਹਾਂ ਇਹ ਮਾਮਲਾ ਅਤੀ ਜਰੂਰੀ/ਮਿਤੀ ਬੱਧ ਨੇਚਰ ਦਾ ਹੋਣ ਕਾਰਨ ਇਸ ਤੇ ਤੁਰੰਤ ਕਾਰਵਾਈ ਕਰਨੀ ਬਣਦੀ ਹੈ।
ਉਕਤ 4 ਉਮੀਦਵਾਰਾਂ ਨੂੰ ਲਾਅ ਅਫ਼ਸਰ ਤੋ ਵੈਟ ਕਰਵਾਏ ਗਏ ਨਿਯੁਕਤੀ ਪੱਤਰ ਜਾਰੀ ਕਰਕੇ ਇਹ ਨਿਯੁਕਤੀ ਪੱਤਰ ਸਦਰ ਦਫ਼ਤਰ ਵਿਖੇ ਭੇਜਣ ਅਤੇ ਉਕਤ ਨਿਯੁਕਤੀਆਂ ਸਬੰਧੀ ਹਾਊਸ ਦੀ ਆਉਣ ਵਾਲੀ ਮੀਟਿੰਗ ਵਿੱਚ ਪ੍ਰਵਾਨਗੀ ਦੇਣ ਦੀ ਆਸ ਵਿੱਚ ਕੇਸ ਮਾਨਯੋਗ ਮੇਅਰ ਜੀ ਨੂੰ ਪ੍ਰਵਾਨਗੀ/ਯੋਗ ਹੁਕਮਾਂ ਦੇਣ ਹਿੱਤ ਪੇਸ਼ ਹੈ ਜੀ।
ਉਕਤ ਕੇਸ ਮਾਨਯੋਗ ਕਮਿਸ਼ਨਰ ਨਗਰ ਨਿਗਮ ਐਸ.ਏ.ਐਸ ਨਗਰ ਜੀ ਦੀ ਪ੍ਰਵਾਨਗੀ ਉਪਰੰਤ ਮਾਨਯੋਗ ਮੇਅਰ ਜੀ ਵੱਲੋਂ ਹਾਊਸ ਦੀ ਆਉਣ ਵਾਲੀ ਮੀਟਿੰਗ ਵਿੱਚ ਪਾਸ ਹੋਣ ਦੀ ਆਸ ਵਿੱਚ ਪ੍ਰਵਾਨਗੀ ਦਿਤੀ ਗਈ ਸੀ। ਉਕਤ ਕੇਸ ਮਾਨਯੋਗ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।
</td>
<td></td>
</tr>
<tr>
<td>6)</td>
<td>198</td>
<td>10-07-2023</td>
<td>
ਅਧੀਨ ਸੇਵਾਵਾਂ ਚੋਣ ਬੋਰਡ ਵੱਲੋ ਕਲਰਕ (ਆਈ.ਟੀ.) ਦੀਆਂ ਅਸਾਮੀਆਂ ਤੇ ਸਿਲੈਕਟ ਹੋਏ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕਰਨ ਸਬੰਧੀ।
ਰਿਪੋਰਟ ਅਮਲਾ ਸ਼ਾਖਾ ਕਿ ਵਿਸ਼ੇ ਸਬੰਧੀ ਸੰਯੁਕਤ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਜੀ ਵੱਲੋ ਆਪਣੇ ਮੀਮੋ ਨੰ: ਭਰਤੀ ਸੈਲ-ਡਸਸ-2023/275 ਮਿਤੀ 09-06-2023 ਰਾਹੀ ਲਿਖਿਆ ਗਿਆ ਹੈ ਕਿ ਵਿਸ਼ੇ ਅਧੀਨ ਕੇਸ ਸਬੰਧੀ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਜੀ ਵੱਲੋ ਪ੍ਰਕਾਸ਼ਿਤ ਕੀਤੇ ਗਏ ਇਸ਼ਤਿਹਾਰ ਨੰ: 19 ਆਫ਼ 2021 ਵਿੱਚ ਕਲਰਕ (ਲੇਖਾ) ਦੀਆਂ ਸਿੱਧੀ ਭਰਤੀ ਕੋਟੇ ਦੀਆਂ ਪੱਤਰ ਨੰ: 01/06/2022-ਅ2/2257 ਮਿਤੀ 02-11-2022 ਰਾਹੀ ਪ੍ਰਾਪਤ ਹੋਈਆ ਸਿਫਾਰਿਸ਼ਾਂ ਅਨੁਸਾਰ ਗੈਰ-ਪ੍ਰਾਂਤੀਕਰਨ ਅਸਾਮੀਆਂ ਤੇ ਕਲਰਕ (ਲੇਖਾ) ਦੀ ਹੇਠ ਦਰਸ਼ਾਈ ਸਿਲੈਕਸ਼ਨ ਲਿਸਟ ਅਨੁਸਾਰ ਉਮੀਦਵਾਰਾਂ ਦੇ ਨਾਮ ਆਪ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਨ੍ਹਾਂ ਉਮੀਦਵਾਰਾਂ ਦੇ ਨਿਯੁਕਤੀ ਪੱਤਰ ਨਿਯਮਾਂ ਅਨੁਸਾਰ ਤਿਆਰ ਕਰਨ ਉਪਰੰਤ ਮਿਤੀ 19-04-2023 ਤੱਕ ਹਰ ਹਾਲਤ ਵਿੱਚ ਵਿਸ਼ੇਸ਼ ਹਰਾਰੇ ਰਾਹੀ ਇਸ ਵਿਭਾਗ ਨੂੰ ਭੇਜੇ ਜਾਣ।
</td>
<td>ਸਰਬ-ਸੰਮਤੀ ਨਾਲ ਰੂਲਾਂ ਅਨੁਸਾਰ ਪ੍ਰਵਾਨ ਹੈ।</td>
</tr>
</table>

| | | | | | | | | | | |
|---|---|---|---|---|---|---|---|---|---|---|
| | | | **Name of Post :- Clerk (IT)** | | | | | | | |
| | | | **Sr No** | **Application No.** | **Name/ Father Name** | **Address** | **Gender** | **Category** | **Marks** | |
| | | | 1 | PSSSBH18001048 | Kaveesh Nayak S/o Suresh Nayak | 1359, Urban Estate, Phase-2, Distt. Patiala, 147001 | M | General | 79.83 | |
| | | | 2 | PSSSBH18039024 | Kiranjeet Singh S/o Jatinder Singh | 16, Khaira Road, Puda Colony, Ward No. 3, Vill. Sardulgarh, Teh. Sardulgarh, Distt. Mansa, 151507 | M | General | 77.54 | |
| | | | 3 | PSSSBH18049638 | Karamjit Singh S/o Jagroop Singh | V.P.O. Khanal Kalan, Distt. Sangrur, 148035 | M | General | 75.51 | |
| | | | 4 | PSSSBH18051792 | Amritpal Singh S/o Harcharan Singh | VPO Pakka Kalan, Teh. Talwandi Sabo, Distt. Bathinda, 151401 | M | B.C. | 70.68 | |
| | | | 5 | PSSSBH18043003 | Sonika Joshi D/o Narinder Kumar Joshi | Vill. Bikapur, PO Ganguwal, Teh. Anandpur Sahib, Distt. Rupnagar, 140123 | F | EWS (General) | 68.14 | |
| | | | 6 | PSSSBH18082395 | Lovepreet S/o Ram Lubhaya | H. No. 19, Street No. 14, Basti Tankan Wali, Distt. Firozpur, 152002 | M | S.C (Ramdasia & Others) | 58.47 | |
| | | | 7 | PSSSBH18036213 | Mandeep Kaur D/o Gurdish Singh | V.P.O. Pasian, Teh. & Distt. Patiala, 147001 | F | S.C (Ramdasia & Others) | 55.68 | |

| | | | | | | |
|---|---|---|---|---|---|---|
| 8 | PSSSBH180 61550 | Sandeep Kaur D/o Bahadur Singh | H. No. 333, Block-F, Ranjit Nagar, Seona Road, Distt. Patiala, 147001 | F | S.C (Ramdasia & Others) | 54.66 |

3. ਉਮੀਦਵਾਰਾਂ ਨੂੰ ਜੁਆਇੰਨ ਕਰਵਾਉਣ ਉਪਰੰਤ ਉਮੀਦਵਾਰ ਦੇ ਵਿਦਿਅਕ ਯੋਗਤਾ ਸਬੰਧੀ ਅਸਲ ਸਰਟੀਫਿਕੇਟ ਅਤੇ ਕੈਟਾਗਿਰੀ ਨਾਲ ਸਬੰਧਤ ਸਰਟੀਫਿਕੇਟ ਸਬੰਧਤ ਬੋਰਡ/ਯੂਨੀਵਰਸਿਟੀ ਤੋ ਆਪਣੇ ਪੱਧਰ ਤੇ ਵੈਰੀਫਾਈ ਕਰਵਾ ਲਏ ਜਾਣ। ਇਸ ਤੋ ਇਲਾਵਾ ਉਮੀਦਵਾਰ ਜੇਕਰ ਸਬੰਧਤ ਅਸਾਮੀ ਤੇ ਜੁਆਇੰਨ ਨਹੀ ਕਰਦਾ ਤਾਂ ਇਸ ਸਬੰਧੀ ਰਿਪੋਰਟ ਸਦਰ ਦਫ਼ਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ।

4. ਉਕਤ ਉਮੀਦਵਾਰ ਦੇ ਅਧੀਨ ਸੇਵਾਵਾਂ ਚੋਣ ਬੋਰਡ, ਮੋਹਾਲੀ ਵੱਲੋ ਪ੍ਰਾਪਤ ਫਾਰਮ ਅਤੇ ਇਸ ਵਿਭਾਗ ਵੱਲੋ ਉਮੀਦਵਾਰਾਂ ਦੀ ਕਰਵਾਈ ਅਸਲ ਪੁਲਿਸ ਵੈਰੀਫਿਕੇਸ਼ਨ ਰਿਪੋਰਟ ਦਸਤੀ ਇਸ ਦਫ਼ਤਰ ਤੋ ਪ੍ਰਾਪਤ ਕਰ ਲਈ ਜਾਵੇ। ਇਸ ਤੋ ਇਲਾਵਾ ਜਿਨ੍ਹਾਂ ਉਮੀਦਵਾਰਾਂ ਵੱਲੋ ਪੁਲਿਸ ਵੈਰੀਫਿਕੇਸ਼ਨ ਨਹੀ ਕਰਵਾਈ ਗਈ, ਉਨ੍ਹਾਂ ਦੀ ਪੁਲਿਸ ਵੈਰੀਫਿਕੇਸ਼ਨ ਆਪਣੇ ਪੱਧਰ ਤੇ ਕਰਵਾਉਣੀ ਯਕੀਨੀ ਬਣਾਈ ਜਾਵੇ।

5. ਨਿਯੁਕਤੀ ਪੱਤਰ ਦਾ ਖਰੜਾ ਇਸ ਪੱਤਰ ਨਾਲ ਨੱਥੀ ਕਰਕੇ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਖਰੜੇ ਨੂੰ ਕਾਨੂੰਨੀ ਅਤੇ ਵਿੱਤੀ ਤੌਰ ਤੇ ਵੈਟ ਕਰਵਾ ਲਿਆ ਜਾਵੇ ਅਤੇ ਜੇਕਰ ਕੋਈ ਹੋਰ ਨਿਯੁਕਤੀ ਸਬੰਧੀ ਸ਼ਰਤ ਲੋੜੀਦੀ ਹੈ ਤਾਂ ਆਪਣੇ ਪੱਧਰ ਤੇ ਖਰੜੇ ਵਿੱਚ ਸ਼ਾਮਿਲ ਕਰ ਲਈ ਜਾਵੇ।

ਇੱਥੇ ਇਹ ਵੀ ਦੱਸਣਾ ਉਚਿਤ ਹੋਵੇਗਾ ਨਗਰ ਨਿਗਮ ਵੱਲੋ ਪੱਤਰ ਨੰ: 873 ਮਿਤੀ 09-04-2021 ਰਾਹੀ 25 ਕਲਰਕਾਂ ਦੀ ਰੈਗੂਲਰ ਤੌਰ ਤੇ ਸਿੱਧੀ ਭਰਤੀ ਕਰਨ ਲਈ ਭੇਜੇ ਗਏ ਮੰਗ ਪੱਤਰ ਅਤੇ ਮਤਾ ਨੰ: 172 ਮਿਤੀ 24-03-2023 ਰਾਹੀ ਕਲਰਕ(ਲੀਗਲ)/ਕਲਰਕ(ਆਈ.ਟੀ)/ਕਲਰਕ(ਲੇਖਾ) ਦੇ ਅਡਾਪਟ ਕੀਤੇ ਗਏ ਸਰਵਿਸ ਰੂਲਜ਼ ਦੀ ਰੋਸ਼ਨੀ ਵਿੱਚ ਹੀ ਸਰਕਾਰ ਵੱਲੋ ਉਕਤ 25 ਅਸਾਮੀਆਂ ਦੇ ਵਿਰੁੱਧ 8 ਕਲਰਕ (ਆਈ.ਟੀ) ਦੀ ਤੈਨਾਤੀ ਨਗਰ ਨਿਗਮ ਵਿਖੇ ਕੀਤੀ ਗਈ ਹੈ। ਇਸ ਤੋ ਇਲਾਵਾ ਉਕਤ ਮੰਗ ਪੱਤਰ ਦੀਆਂ ਕੁੱਲ 25 ਅਸਾਮੀਆਂ ਦੇ ਵਿਰੁੱਧ 2 ਕਲਰਕ (ਲੇਖਾ) (ਮਿਸ ਕਿਰਨਦੀਪ ਕੌਰ ਅਤੇ ਸ੍ਰੀ ਹਰਜਿੰਦਰ ਸਿੰਘ) ਵੱਲੋ ਜੁਆਇੰਨ ਕੀਤਾ ਜਾ ਚੁੱਕਾ ਹੈ।

ਸਰਕਾਰ ਵੱਲੋ ਉਕਤ ਪੱਤਰ ਮਿਤੀ 09-06-2023 ਦੇ ਪੈਰਾ ਨੰ: 5 ਵਿੱਚ ਲਿਖਿਆ ਗਿਆ ਹੈ ਖਰੜੇ ਨੂੰ ਕਾਨੂੰਨੀ ਅਤੇ ਵਿੱਤੀ ਤੌਰ ਤੇ **ਵੈਟ ਕਰਵਾ ਲਿਆ ਜਾਵੇ। ਇੱਥੇ ਇਹ ਦੱਸਣਯੋਗ ਹੈ ਕਿ ਸਰਕਾਰ ਦੇ ਪੱਤਰ ਮਿਤੀ 18-04-2023 ਅਨੁਸਾਰ ਪਹਿਲਾਂ ਵੀ ਕਲਰਕ (ਲੇਖਾ) ਦੇ ਨਿਯੁਕਤੀ ਪੱਤਰ ਲਾਅ ਅਫ਼ਸਰ, ਨਗਰ ਨਿਗਮ ਤੋ ਵੈਟ ਕਰਵਾਏ ਜਾ ਚੁੱਕੇ ਹਨ ਅਤੇ ਹੁਣ ਵੀ ਉਸੇ ਤਰਜ ਤੇ ਨਿਯੁਕਤੀ ਪੱਤਰ ਤਿਆਰ ਕੀਤੇ ਗਏ ਹਨ।**

**ਇਸ ਲਈ ਮਾਰਕ 'x' ਦੀ ਰੋਸ਼ਨੀ ਵਿੱਚ ਉਕਤ 8 ਉਮੀਦਵਾਰਾਂ ਦੇ ਝੰਡੀ-ਓ ਅਨੁਸਾਰ ਤਿਆਰ ਕੀਤੇ ਗਏ ਨਿਯੁਕਤੀ ਪੱਤਰ ਸਦਰ ਦਫ਼ਤਰ, ਚੰਡੀਗੜ੍ਹ ਵਿਖੇ ਭੇਜਣ ਅਤੇ ਉਕਤ ਨਿਯੁਕਤੀਆਂ ਸਬੰਧੀ ਹਾਊਸ ਦੀ ਆਉਣ ਵਾਲੀ ਮੀਟਿੰਗ ਵਿੱਚ ਪ੍ਰਵਾਨਗੀ ਦੇਣ ਦੀ ਆਸ ਵਿੱਚ ਕੇਸ ਮਾਨਯੋਗ ਮੇਅਰ ਜੀ ਨੂੰ ਪ੍ਰਵਾਨਗੀ/ਯੋਗ ਹੁਕਮਾਂ ਦੇਣ ਹਿੱਤ ਪੇਸ਼ ਹੈ ਜੀ।**

ਉਕਤ ਕੇਸ ਮਾਨਯੋਗ ਕਮਿਸ਼ਨਰ ਨਗਰ ਨਿਗਮ ਐਸ.ਏ.ਐਸ ਨਗਰ ਜੀ ਦੀ ਪ੍ਰਵਾਨਗੀ ਉਪਰੰਤ ਮਾਨਯੋਗ ਮੇਅਰ ਜੀ ਵੱਲੋਂ ਹਾਊਸ ਦੀ ਆਉਣ ਵਾਲੀ ਮੀਟਿੰਗ ਵਿੱਚ ਪਾਸ ਹੋਣ ਦੀ ਆਸ ਵਿੱਚ ਪ੍ਰਵਾਨਗੀ ਦਿਤੀ ਗਈ ਸੀ। ਉਕਤ ਕੇਸ ਮਾਨਯੋਗ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

<table>
<tr>
<td>7)</td>
<td>199</td>
<td>10-07-2023</td>
<td>
<u>ਅਧੀਨ ਸੇਵਾਵਾਂ ਚੋਣ ਬੋਰਡ ਵੱਲੋ ਕਲਰਕ (ਜਨਰਲ) ਦੀਆਂ ਅਸਾਮੀਆਂ ਤੇ ਸਿਲੈਕਟ ਹੋਏ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕਰਨ ਸਬੰਧੀ।</u>
ਰਿਪੋਰਟ ਇੰਜ: ਸਾਖਾ ਕਿ ਵਿਸ਼ੇ ਸਬੰਧੀ ਸੰਯੁਕਤ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਜੀ ਵੱਲੋ ਆਪਣੇ ਮੀਮੋ ਨੰ: ਭਰਤੀ ਸੈਲ-ਡਸਸ-2023/294 ਮਿਤੀ 13-06-2023 ਰਾਹੀ ਲਿਖਿਆ ਗਿਆ ਹੈ ਕਿ ਵਿਸ਼ੇ ਅੰਕਿਤ ਕੇਸ ਸਬੰਧੀ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਪ੍ਰਕਾਸ਼ਿਤ ਕੀਤੇ ਗਏ ਇਸਤਿਹਾਰ ਨੰ: 17 ਆਫ 2021 ਰਾਹੀਂ ਕਲਰਕ (ਜਨਰਲ) ਦੀਆਂ ਸਿੱਧੀ ਭਰਤੀ ਕੋਟੇ ਦੀਆਂ ਪੱਤਰ ਨੰ: 01/06/2022-ਨ2/19, ਮਿਤੀ 05.01.2023, ਪੱਤਰ ਨੰ: 01/06/2022-ਨ2/153, ਮਿਤੀ 07.02.2023, ਪੱਤਰ ਨੰ: 01/06/2022-ਨ2/209, ਮਿਤੀ 13.02.2023, ਪੱਤਰ ਨੰ: 01/06/2022-ਨ2/282, ਮਿਤੀ 02.03.2023, ਪੱਤਰ ਨੰ: 01/06/2022-ਨ2/341, ਮਿਤੀ 27.03.2023 ਅਤੇ ਪੱਤਰ ਨੰ: 01/06/2022-ਨ2/375, ਮਿਤੀ 10.04.2023 ਰਾਹੀਂ ਪ੍ਰਾਪਤ ਹੋਈਆ ਸਿਫਾਰਸਾ ਅਨੁਸਾਰ ਗੈਰ-ਪ੍ਰਾਂਤੀਕਰਨ ਅਸਾਮੀਆਂ ਤੇ ਕਲਰਕ (ਜਨਰਲ) ਦੇ ਹੇਠ ਦਰਸਾਏ ਸਿਲੈਕਟ ਉਮੀਦਵਾਰਾਂ ਦੇ ਨਾਮ ਆਪ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਨ੍ਹਾਂ ਉਮੀਦਵਾਰਾਂ ਦੇ ਨਿਯੁਕਤੀ ਪੱਤਰ ਨਿਯਮਾਂ ਅਨੁਸਾਰ ਤਿਆਰ ਕਰਨ ਉਪਰੰਤ ਮਿਤੀ 14.06.2023 ਤੱਕ ਹਰ ਹਾਲ ਵਿੱਚ ਵਿਸ਼ੇਸ਼ ਹਰਾਰੇ ਰਾਹੀਂ ਇਸ ਦਫਤਰ ਨੂੰ ਭੇਜੇ ਜਾਣ।
<table>
<tr><td colspan="7">Name of Post : Clerk (General)</td></tr>
<tr><td>Sr. No.</td><td>Application No.</td><td>Candidate Name /Father's Name</td><td>Address</td><td>Category</td><td>Gender</td><td>Marks</td></tr>
<tr><td>1.</td><td>PSSSBH17083168</td><td>Baljeet Singh S/oBalwinder Singh</td><td>#251, Sector 5, Opposite New Sunny Enclave, Distt. S.A.S. Nagar, 140301</td><td>B.C.</td><td>Male</td><td>614.3145</td></tr>
<tr><td>2.</td><td>PSSSBH17095401</td><td>Mohit Kumar S/o Pawan Kumar</td><td>Ward No. 5, Surjan Basti, Dirba, P.O. Dirba, Distt. Sangrur-148035</td><td>General</td><td>Male</td><td>598.5328</td></tr>
<tr><td>3.</td><td>PSSSBH17075082</td><td>Ranbir Singh S/o Kamal Singh</td><td>Vill. BianpurChotta, Distt. Gurdaspur-143533</td><td>General</td><td>Male</td><td>598.4751</td></tr>
</table>
</td>
<td>ਸਰਬ-ਸੰਮਤੀ ਨਾਲ ਰੂਲਾਂ ਅਨੁਸਾਰ ਪ੍ਰਵਾਨ ਹੈ।</td>
</tr>
</table>

| | | | | | | | | | | |
|---|---|---|---|---|---|---|---|---|---|---|
| | | | 4. | PSSSBH17 069401 | Anupreet Kaur D/o Harbans | H.No.99, Guru Amar Das Colony, Neelpur (Rajpura), Distt. Patiala-140401 | General | Female | 593.9622 | |
| | | | 5. | PSSSBH17 028141 | Maninder Saini D/o Satpal Saini | VPO Kotla, Power House, Teh. Anandpur Sahib, Distt. Rupnagar-140116 | B.C. | Female | 593.9622 | |
| | | | 6. | PSSSBH17 134947 | Rabia Sethi D/o Mangat Ram Sethi | VPO Koharian Wali, Teh. And Distt. Fazilka-152122 | EWS (Gen.) | Female | 576.1179 | |
| | | | 7. | PSSSBH17 124929 | Jaspreet Singh S/o Darshan Singh | Vill. Butta Singh, Distt. S.A.S. Nagar-140601 | B.C. | Male | 555.7336 | |
| | | | 8. | PSSSBH17 076970 | Gurdeep Singh S/o Prem Singh | #1690, Ward No. 4, Sardarpura Chowk, Lalru Mandi, Distt. S.A.S. Nagar-140501 | S.C. (Ramdasia & others) | Male | 496.3595 | |
| | | | 9. | PSSSBH17 108916 | Sukhwant Singh S/o Malkeet Singh | VPO Rupana Master Mool Chand Wali Gali, Distt. Sri Muktsar Sahib-152032, corres. Add. H.NO. 460, Phase-4, | S.C. (Ramdasia & others) | Male | 457.9513 | |

| | | | | | | | |
|---|---|---|---|---|---|---|---|
| | | | Mohali, Distt. S.A.S. Nagar-160059 | | | | |

3. ਉਮੀਦਵਾਰਾਂ ਨੂੰ ਜੁਆਇੰਨ ਕਰਵਾਉਣ ਉਪਰੰਤ ਉਮੀਦਵਾਰ ਦੇ ਵਿਦਿਅਕ ਯੋਗਤਾ ਸਬੰਧੀ ਅਸਲ ਸਰਟੀਫਿਕੇਟ ਅਤੇ ਕੈਟਾਗਿਰੀ ਨਾਲ ਸਬੰਧਤ ਸਰਟੀਫਿਕੇਟ ਸਬੰਧਤ ਬੋਰਡ/ਯੂਨੀਵਰਸਿਟੀ ਤੋ ਆਪਣੇ ਪੱਧਰ ਤੇ ਵੈਰੀਫਾਈ ਕਰਵਾ ਲਏ ਜਾਣ। ਇਸ ਤੋ ਇਲਾਵਾ ਉਮੀਦਵਾਰ ਜੇਕਰ ਸਬੰਧਤ ਅਸਾਮੀ ਤੇ ਨਿਸ਼ਚਿਤ ਸਮੇ ਅੰਦਰ ਜੁਆਇੰਨ ਨਹੀ ਕਰਦਾ ਤਾਂ ਇਸ ਸਬੰਧੀ ਰਿਪੋਰਟ ਸਦਰ ਦਫ਼ਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ।

4. ਉਕਤ ਉਮੀਦਵਾਰ ਦੇ ਅਧੀਨ ਸੇਵਾਵਾਂ ਚੋਣ ਬੋਰਡ, ਮੋਹਾਲੀ ਵੱਲੋ ਪ੍ਰਾਪਤ ਫਾਰਮ ਅਤੇ ਇਸ ਵਿਭਾਗ ਵੱਲੋ ਉਮੀਦਵਾਰਾਂ ਦੀ ਕਰਵਾਈ ਅਸਲ ਪੁਲਿਸ ਵੈਰੀਫਿਕੇਸ਼ਨ ਰਿਪੋਰਟ ਦਸਤੀ ਇਸ ਦਫ਼ਤਰ ਤੋ ਪ੍ਰਾਪਤ ਕਰ ਲਈ ਜਾਵੇ। ਇਸ ਤੋ ਇਲਾਵਾ ਜਿਨ੍ਹਾਂ ਉਮੀਦਵਾਰਾਂ ਵੱਲੋ ਪੁਲਿਸ ਵੈਰੀਫਿਕੇਸ਼ਨ ਨਹੀ ਕਰਵਾਈ ਗਈ, ਉਨ੍ਹਾਂ ਦੀ ਪੁਲਿਸ ਵੈਰੀਫਿਕੇਸ਼ਨ ਆਪਣੇ ਪੱਧਰ ਤੇ ਕਰਵਾਉਣੀ ਯਕੀਨੀ ਬਣਾਈ ਜਾਵੇ।

5. ਨਿਯੁਕਤੀ ਪੱਤਰ ਦਾ ਖਰੜਾ ਇਸ ਪੱਤਰ ਨਾਲ ਨੱਥੀ ਕਰਕੇ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਖਰੜੇ ਨੂੰ ਕਾਨੂੰਨੀ ਅਤੇ ਵਿੱਤੀ ਤੌਰ ਤੇ ਵੈਟ ਕਰਵਾ ਲਿਆ ਜਾਵੇ ਅਤੇ ਜੇਕਰ ਕੋਈ ਹੋਰ ਨਿਯੁਕਤੀ ਸਬੰਧੀ ਸ਼ਰਤ ਲੋੜੀਦੀ ਹੈ ਤਾਂ ਆਪਣੇ ਪੱਧਰ ਤੇ ਖਰੜੇ ਵਿੱਚ ਸ਼ਾਮਿਲ ਕਰ ਲਈ ਜਾਵੇ।

ਇੱਥੇ ਇਹ ਵੀ ਦੱਸਣਾ ਉਚਿਤ ਹੋਵੇਗਾ ਨਗਰ ਨਿਗਮ ਵੱਲੋ ਪੱਤਰ ਨੰ: 873 ਮਿਤੀ 09-04-2021 ਰਾਹੀ 25 ਕਲਰਕਾਂ ਦੀ ਰੈਗੂਲਰ ਤੌਰ ਤੇ ਸਿੱਧੀ ਭਰਤੀ ਕਰਨ ਲਈ ਭੇਜੇ ਗਏ ਮੰਗ ਪੱਤਰ ਅਤੇ ਮਤਾ ਨੰ: 172 ਮਿਤੀ 24-03-2023 ਰਾਹੀ ਕਲਰਕ(ਲੀਗਲ)/ਕਲਰਕ(ਆਈ.ਟੀ)/ਕਲਰਕ(ਲੇਖਾ) ਦੇ ਅਡਾਪਟ ਕੀਤੇ ਗਏ ਸਰਵਿਸ ਰੂਲਜ਼ ਦੀ ਰੋਸ਼ਨੀ ਵਿੱਚ ਹੀ ਸਰਕਾਰ ਵੱਲੋ ਉਕਤ 25 ਅਸਾਮੀਆਂ ਦੇ ਵਿਰੁੱਧ 9 ਕਲਰਕ (ਜਨਰਲ) ਦੀ ਤੈਨਾਤੀ ਨਗਰ ਨਿਗਮ ਵਿਖੇ ਕੀਤੀ ਗਈ ਹੈ। ਇਸ ਤੋ ਇਲਾਵਾ ਉਕਤ ਮੰਗ ਪੱਤਰ ਦੀਆਂ ਕੁੱਲ 25 ਅਸਾਮੀਆਂ ਦੇ ਵਿਰੁੱਧ 2 ਕਲਰਕ (ਲੇਖਾ) (ਮਿਸ ਕਿਰਨਦੀਪ ਕੌਰ ਅਤੇ ਸ੍ਰੀ ਹਰਜਿੰਦਰ ਸਿੰਘ) ਵੱਲੋ ਜੁਆਇੰਨ ਕੀਤਾ ਜਾ ਚੁੱਕਾ ਹੈ ਅਤੇ 8 ਕਲਰਕ (ਆਈ.ਟੀ) ਦੇ ਨਿਯੁਕਤੀ ਪੱਤਰ ਮਿਤੀ 13-06-2023 ਰਾਹੀ ਸਦਰ ਦਫ਼ਤਰ, ਚੰਡੀਗੜ੍ਹ ਨੂੰ ਭੇਜੇ ਜਾ ਚੁੱਕੇ ਹਨ।

**ਸਰਕਾਰ ਵੱਲੋ ਉਕਤ ਪੱਤਰ ਮਿਤੀ 13-06-2023 ਦੇ ਪੈਰਾ ਨੰ: 5 ਵਿੱਚ ਲਿਖਿਆ ਗਿਆ ਹੈ ਖਰੜੇ ਨੂੰ ਕਾਨੂੰਨੀ ਅਤੇ ਵਿੱਤੀ ਤੌਰ ਤੇ ਵੈਟ ਕਰਵਾ ਲਿਆ ਜਾਵੇ। ਇੱਥੇ ਇਹ ਦੱਸਣਯੋਗ ਹੈ ਕਿ ਸਰਕਾਰ ਦੇ ਪੱਤਰ ਮਿਤੀ 18-04-2023 ਅਨੁਸਾਰ ਪਹਿਲਾਂ ਵੀ ਕਲਰਕ (ਲੇਖਾ) ਦੇ ਨਿਯੁਕਤੀ ਪੱਤਰ ਲਾਅ ਅਫ਼ਸਰ, ਨਗਰ ਨਿਗਮ ਤੋ ਵੈਟ ਕਰਵਾਏ ਜਾ ਚੁੱਕੇ ਹਨ ਅਤੇ ਹੁਣ ਵੀ ਉਸੇ ਤਰਜ ਤੇ ਨਿਯੁਕਤੀ ਪੱਤਰ ਤਿਆਰ ਕੀਤੇ ਗਏ ਹਨ।**

**ਇਸ ਲਈ ਮਾਰਕ 'x' ਦੀ ਰੋਸ਼ਨੀ ਵਿੱਚ ਉਕਤ 9 ਉਮੀਦਵਾਰਾਂ ਦੇ ਤਿਆਰ ਕੀਤੇ ਗਏ ਨਿਯੁਕਤੀ ਪੱਤਰਾਂ ਦਾ ਖਰੜਾ ਸਦਰ ਦਫ਼ਤਰ, ਚੰਡੀਗੜ੍ਹ ਵਿਖੇ ਭੇਜਣ ਅਤੇ ਉਕਤ ਨਿਯੁਕਤੀਆਂ ਸਬੰਧੀ ਹਾਊਸ ਦੀ ਆਉਣ ਵਾਲੀ ਮੀਟਿੰਗ ਵਿੱਚ ਪ੍ਰਵਾਨਗੀ ਦੇਣ ਦੀ ਆਸ ਵਿੱਚ ਕੇਸ ਮਾਨਯੋਗ ਮੇਅਰ ਜੀ ਨੂੰ ਪ੍ਰਵਾਨਗੀ/ਯੋਗ ਹੁਕਮਾਂ ਦੇਣ ਹਿੱਤ ਪੇਸ਼ ਹੈ ਜੀ।**

ਉਕਤ ਕੇਸ ਮਾਨਯੋਗ ਕਮਿਸ਼ਨਰ ਨਗਰ ਨਿਗਮ ਐਸ.ਏ.ਐਸ ਨਗਰ ਜੀ ਦੀ ਪ੍ਰਵਾਨਗੀ ਉਪਰੰਤ ਮਾਨਯੋਗ ਮੇਅਰ ਜੀ ਵੱਲੋਂ ਹਾਊਸ ਦੀ ਆਉਣ ਵਾਲੀ ਮੀਟਿੰਗ ਵਿੱਚ ਪਾਸ ਹੋਣ ਦੀ ਆਸ ਵਿੱਚ ਪ੍ਰਵਾਨਗੀ ਦਿਤੀ ਗਈ ਸੀ। ਉਕਤ ਕੇਸ ਮਾਨਯੋਗ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

| | | | | |
|---|---|---|---|---|
| 8) | 200 | 10-07-2023 | **<u>ਨਗਰ ਨਿਗਮ ਦਫ਼ਤਰ ਸੈਕਟਰ-68 ਦੀਆਂ ਲਿਫਟਾਂ ਦੀ ਸਾਲਾਨਾ ਦੇਖਭਾਲ ਕਰਨ ਸਬੰਧੀ।</u>**<br><br>ਰਿਪੋਰਟ ਇੰਜ: ਸਾਖਾ ਕਿ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਦਫ਼ਤਰ ਵਿਖੇ ਕੋਨ ਕੰਪਨੀ ਦੀਆਂ ਦੋ ਲਿਫਟਾਂ ਲੱਗੀਆਂ ਹੋਈਆਂ ਹਨ। ਇਹਨਾਂ ਲਿਫਟਾਂ ਦੀ ਦੇਖਭਾਲ ਵੀ ਕੋਨ ਕੰਪਨੀ ਵੱਲੋਂ ਹੀ ਕੀਤੀ ਜਾ ਰਹੀ ਹੈ ਅਤੇ ਪਿਛਲੇ ਸਾਲ ਦਾ ਕੰਟਰੈਕਟ 15391.95/- ਰੁਪਏ + ਟੈਕਸ ਵੱਖਰਾ ਦਾ ਕੀਤਾ ਗਿਆ ਸੀ, ਜੋ ਕਿ ਮਿਤੀ: 15-07-2023 ਨੂੰ ਖ਼ਤਮ ਹੋ ਰਿਹਾ ਹੈ।<br>ਇਥੇ ਦੱਸਣਯੋਗ ਹੋਵੇਗਾ ਕਿ ਵਿੱਤ ਅਤੇ ਠੇਕਾ ਕਮੇਟੀ ਤੇ ਮਤਾ ਨੰ: 679 ਮਿਤੀ: 07-07-2022 ਰਾਹੀ ਹੁਕਮ ਕੀਤੇ ਗਏ ਹਨ ਕਿ "**<u>ਮੀਟਿੰਗ ਦੋਰਾਨ ਫੈਸਲਾ ਲਿਆ ਗਿਆ ਹੈ ਕਿ ਦਫ਼ਤਰ ਦੀ ਲਿਫਟਾਂ ਦੀ *AMC ਦਾ ਕੰਮ ਇਸ ਦੀ* OEM/Company ਤੋਂ ਹੀ ਕਰਵਾਇਆ ਜਾਵੇ, ਕਿਉਕਿ ਇਹ ਇੱਕ ਸਪੈਸੀਲਾਇਜਡ ਕੰਮ ਹੈ। ਜੇਕਰ ਕਿਸੇ ਹੋਰ ਵੈਂਡਰ ਜਾਂ ਏਜੰਸੀ ਨੂੰ ਇਹ ਕੰਮ ਅਲਾਟ ਕੀਤਾ ਜਾਂਦਾ ਹੈ ਤਾਂ ਕਈ ਵਾਰ ਲਿਫਟਾਂ ਵਿੱਚ ਵੱਡਾ ਫਾਲਟ ਆਉਣ ਕਾਰਨ ਦੂਜੀਆਂ ਕੰਪਨੀਆਂ ਦੁਆਰਾ ਰਿਪੇਅਰ ਸਹੀ ਨਹੀ ਹੁੰਦੀ ਅਤੇ ਲਿਫਟਾਂ ਨੂੰ ਠੀਕ ਕਰਨ ਵਿੱਚ ਦੇਰੀ ਹੋ ਜਾਂਦੀ ਹੈ, ਕਿਉਕਿ ਇਹ ਕੰਪਨੀ ਲਿਫਟਾਂ ਦੀਕੰਪਨੀ ਦੇ ਡੀਲਰ ਨਹੀ ਹੁੰਦੇ।"ਸੋ ਵਿੱਤ ਤੇ ਠੇਕਾ ਕਮੇਟੀ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਨਗਰ ਨਿਗਮ ਵੱਲੋਂ ਆਪਣੇ ਪੱਤਰ ਨੰ: 439 ਮਿਤੀ: 05-07-2022 ਰਾਹੀਂ Kone Elevator pvt. Ltd. ਨਾਲ 2 ਲਿਫਟਾਂ ਦੀ ਮੈਨਟੀਨੇਸ ਦਾ ਇਕਰਾਰਨਾਮਾ ਮਿਤੀ: 15-07-2022 ਤੋਂ ਮਿਤੀ: 14-07-2023 ਤੱਕ ਕੀਤਾ ਗਿਆ ਹੈ।</u>**<br>ਇਸ ਤੋਂ ਇਲਾਵਾ ਸਥਾਨਕ ਸਰਕਾਰ, ਪੰਜਾਬ ਵੱਲੋਂ ਜਾਰੀ ਕੀਤਾ ਗਿਆ Transparency Act/e-Gazette ਦੇ section 30 (1) ਦੇ ਰੂਲ ਨੰ: 23 (ii) "In case the procuring entity chooses to procure goods from another single source like Original Equipment Manufacturer (OEM) or manufacturer having proprietary rights, in addition to a particular prospective bidder or a particular prospective bidder having exclusive rights with respect to subject matter of the procurement, as mentioned in clause (a) of sub-section (1) of sector 30 of the Act, the procuring entity shall obtain a Proprietary Article Certificate (PAC) in Form 'I', from the concerned Original Equipment Manufacturer (OEM) or manufacturer having proprietary rights, duly issued or approved by an authority having power to issue such certificate" ਤਹਿਤ specialized ਕੰਮ OEM ਨੂੰ ਦਿੱਤਾ ਜਾ ਸਕਦਾ ਹੈ।<br>ਉਕਤ ਦਰਸਾਏ ਮੱਦ ਨੰ: 2 ਅਤੇ 3 ਨੂੰ ਧਿਆਨ ਵਿੱਚ ਰੱਖਦੇ ਹੋਏ ਕੋਨ ਕੰਪਨੀ ਵਲੋ ਜਦੋ ਤੋ ਇਹ ਲਿਫਟਾਂ ਲਗਾਈਆਂ ਗਈਆਂ ਹਨ ਉਹਨਾਂ ਵਲੋ ਹੀ ਇਹਨਾਂ ਦੀ ਮੈਨਟੀਨੈਸ ਦਾ ਕੰਮ ਕੀਤਾ ਜਾ ਰਿਹਾ ਹੈ। ਕੋਨ ਕੰਪਨੀ ਨਾਲ ਪਿਛਲੇ ਸਾਲ ਦਾ ਕੰਟਰੈਕਟ 15391.95/- ਰੁਪੈ ਟੈਕਸ ਵੱਖਰਾ ਦਾ ਕੀਤਾ ਗਿਆ ਸੀ, ਜੋ ਕਿ ਮਿਤੀ: 15-07-2023 ਨੂੰ ਖ਼ਤਮ ਹੋ ਰਿਹਾ ਹੈ। ਲਿਫਟਾਂ ਦੀ ਦੇਖਭਾਲ ਕਰਨਾ ਇੱਕ ਸਪੈਸਲਾਈਜ ਕੰਮ ਹੈ ਅਤੇ ਹਰੇਕ ਲਿਫਟ ਕੰਪਨੀ ਦਾ ਲਿਫਟ ਦੇਖਭਾਲ ਕਰਨ ਦਾ ਕੰਟਰੋਲ ਪੈਨਲ/ਸੋਫ ਵੇਅਰ ਵੱਖਰਾ ਵੱਖਰਾ ਹੈ ਜੋ ਕਿ ਸਿਰਫ ਕੰਪਨੀ ਦੇ ਤਜਰਬੇਕਾਰ ਓਪਰੇਟਰ/ਇੰਜੀਨੀਅਰ ਹੀ ਕਰ ਸਕਦੇ ਹਨ। ਕੋਨ ਕੰਪਨੀ ਤੋਂ ਲਿਫਟਾਂ ਦੀ ਦੇਖਭਾਲ ਕਰਨ ਲਈ ਅਗਲੇ ਸਾਲ ਦੇ ਇਕਰਾਰਨਾਮੇ ਸਬੰਧੀ ਸੰਪਰਕ ਕੀਤਾ ਗਿਆ ਤਾਂ ਕੰਪਨੀ ਵੱਲੋਂ ਆਪਣੇ ਪੱਤਰ ਨੰ: 42151216 ਮਿਤੀ: 24-05-2023 ਰਾਹੀਂ ਦਿੱਤੇ ਗਏ ਐਸਟੀਮੇਂਝ ਮੁਤਾਬਿਕ 16931.14/- ਰੁਪਏ + ਟੈਕਸ ਵੱਖਰਾ ਦੀ ਪੇਸਕਸ ਕੀਤੀ ਗਈ ਹੈ ਕਿਉ ਜੋ ਸਰਕਾਰ ਵਲੋ ਟੈਕਸ ਦਰ ਵਧਾਈ ਘਟਾਈ ਜਾਂਦੀ ਹੈ। ਨਗਰ ਨਿਗਮ ਵਲੋ ਕੰਪਨੀ ਨਾਲ ਰੇਟ ਘਟਾਉਣ ਸਬੰਧੀ ਕਿਹਾ ਗਿਆ ਤਾਂ ਕੰਪਨੀ ਵਲੋ ਉਕਤ ਰੇਟ ਘਟਾ ਕੇ 16469.38/- ਰੁਪੈ + ਟੈਕਸ ਵੱਖਰਾ ਮੰਨਿਆ ਹੈ, ਜੋ ਕਿ 16469.38/- ਰੁਪੈ ਪ੍ਰਤੀ ਲਿਫਟ ਪ੍ਰਤੀ ਮਹੀਨਾ ਬਣਦਾ ਹੈ। | **ਸਰਬ-ਸੰਮਤੀ ਨਾਲ ਪ੍ਰਵਾਨ ਹੈ।** |

| | | | | |
|---|---|---|---|---|
| | | | ਉਕਤ ਤੱਥਾਂ ਨੂੰ ਮੁੱਖ ਰੱਖਦੇ ਹੋਏ ਪਿੱਛਲੇ ਸਾਲ ਦਾ ਲਿਫਟਾਂ ਦੀ ਦੇਖਭਾਲ ਦਾ ਕੰਮ ਹਾਊਸ ਦੀ ਜਾਣਕਾਰੀ ਅਤੇ ਅਗਲੇ ਸਾਲ ਲਈ ਕੋਨ ਕੰਪਨੀ ਨਾਲ ਸਿੱਧੇ ਤੌਰ ਤੇ ਲਿਫਟਾਂ ਦੀ ਸਾਲਾਨਾ ਦੇਖਭਾਲ ਲਈ ਆਉਣ ਵਾਲੇ ਖਰਚੇ 16469.38/- ਰੂਪੈ ਪ੍ਰਤੀ ਮਹੀਨਾ ਪ੍ਰਤੀ ਲਿਫਟ + ਟੈਕਸ ਵੱਖਰਾ ਦੇ ਹਿਸਾਬ ਨਾਲ 466416.01/- ਰੂਪੈ ਖਰਚ ਆਉਣ ਦੀ ਤਿਆਰ ਕੀਤੀ ਗਈ ਤਜਵੀਜ ਦੀ ਪ੍ਰਵਾਨਗੀ ਅਤੇ ਮਿਤੀ 15-07-2023 ਤੋਂ 14-07-2024 ਤੱਕ ਇਕਰਾਰਨਾਮਾ ਕਰਨ ਲਈ ਰਿਪੋਰਟ ਪ੍ਰਵਾਨਗੀ ਹਿੱਤ ਪੇਸ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਵਾਨਗੀ ਉਪਰੰਤ ਕੇਸ ਮਾਨਯੋਗ ਮੇਅਰ ਜੀ ਦੀ ਆਗਿਆ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | |
| 9) | 201 | 10-07-2023 | **<u>ਨਗਰ ਨਿਗਮ, ਐਸ.ਏ.ਐਸ ਨਗਰ ਦੀ ਫੇਜ਼-1 ਇੰਡ ਏਰੀਆ ਵਿਖੇ ਸਥਿਤ ਗਊਸ਼ਾਲਾ ਵਿਖੇ ਪਸ਼ੂਧੰਨ ਸਮੱਰਥਾ ਤੋਂ ਵੱਧ ਹੋਣ ਸਬੰਧੀ ।</u>**<br><br>ਰਿਪੋਰਟ ਸੈਨੀਟੇਸ਼ਨ ਸਾਖਾ ਕਿ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਦੀ ਗਊਸ਼ਾਲਾ ਵਿਖੇ 600 ਤੋਂ 700 ਪਸ਼ੂਧੰਨ ਰੱਖਣ ਦੀ ਸਮੱਰਥਾ ਹੈ, ਪ੍ਰੰਤੂ ਗਊਸ਼ਾਲਾ ਵਿਖੇ ਇਸ ਸਮੇਂ ਲਗਭਗ 900 ਤੋਂ ਵੱਧ ਪਸ਼ੂਧੰਨ ਮੋਜੂਦ ਹੈ। ਇਥੇ ਇਹ ਵੀ ਦੱਸਣਯੋਗ ਹੈ ਕਿ ਸ਼ਹਿਰ ਵਾਸਿਆਂ ਵੱਲੋਂ ਰੋਜਾਨਾ ਹੀ ਸ਼ਹਿਰ ਵਿੱਚ ਅਵਾਰਾ ਘੁੰਮਦੇ ਪਸ਼ੂਆਂ ਸਬੰਧੀ ਕੰਪਲੇਟਾ ਇਸ ਦਫਤਰ ਵਿਖੇ ਪ੍ਰਾਪਤ ਹੁੰਦੀਆਂ ਹਨ ਅਤੇ ਇਨ੍ਹਾਂ ਅਵਾਰਾ ਘੁੰਮਦੇ ਪਸ਼ੂਆਂ ਨਾਲ ਕਦੇ ਵੀ ਕੋਈ ਅਣਸੁਖਾਵੀਂ ਘੱਟਨਾ ਵਾਪਰਨ ਦਾ ਖਦਸਾ ਬਣਿਆ ਰਹਿੰਦਾ ਸੀ। ਸ਼ਹਿਰ ਵਾਸਿਆਂ ਦੇ ਹਿੱਤ ਨੂੰ ਮੁੱਖ ਰੱਖਦੇ ਹੋਏ ਅਤੇ ਅਵਾਰਾ ਘੁੰਮਦੇ ਪਸ਼ੂਆਂ ਤੇ ਠੱਲ ਪਾਉਣ ਲਈ ਸ਼ਹਿਰ ਵਿੱਚ ਘੁੰਮਦੇ ਅਵਾਰਾ ਪਸ਼ੂਆਂ ਨੂੰ ਫੜਨ ਦਾ ਕੰਮ ਸ੍ਰੀ ਮਨਜੀਤ ਸਿੰਘ ਠੇਕੇਦਾਰ ਨੂੰ ਮਾਹ ਦਸੰਬਰ 2022 ਤੋਂ ਇੱਕ ਸਾਲ ਲਈ ਦਿੱਤਾ ਗਿਆ ਹੈ। ਠੇਕੇਦਾਰ ਵੱਲੋਂ ਸ਼ਹਿਰ ਵਿੱਚ ਕੰਮ ਕਰਦੇ ਹੋਏ ਮਾਹ ਦਸੰਬਰ 2022 ਤੋਂ ਮਾਹ ਮਾਰਚ 2023 ਤੱਕ ਕੁਲ 560 ਪਸ਼ੂਆਂ ਨੂੰ ਫੜ ਕੇ ਨਗਰ ਨਿਗਮ ਦੀ ਗਊਸ਼ਾਲਾ ਵਿਖੇ ਛੱਡਿਆ ਜਾ ਚੁੱਕਾ ਹੈ। ਜਿਸ ਨਾਲ ਨਗਰ ਨਿਗਮ ਦੀ ਗਊਸ਼ਾਲਾ ਵਿਖੇ ਪਸ਼ੂਧੰਨ ਸਮੱਰਥਾ ਤੋਂ ਵੱਧ ਹੋ ਗਏ ਹਨ। ਗਊਸ਼ਾਲਾ ਵਿਖੇ ਪਸ਼ੂਧੰਨ ਸਮੱਰਥਾ ਤੋਂ ਵੱਧ ਹੋਣ ਕਰਕੇ ਪਸ਼ੂਆਂ ਵਿੱਚ ਬਿਮਾਰੀ ਫੈਲਣ ਦਾ ਖਦਸਾ ਬਣਿਆ ਰਹਿੰਦਾ ਹੈ ਅਤੇ ਮੋਤ ਦਰ ਵਿੱਚ ਵਾਧਾ ਹੋਣ ਦਾ ਵੀ ਖਦਸਾ ਬਣਿਆ ਰਹਿੰਦਾ ਹੈ। ਗਊਸ਼ਾਲਾ ਵਿਖੇ ਪਸ਼ੂਧੰਨ ਸਮੱਰਥਾ ਤੋਂ ਵੱਧ ਹੋਣ ਦੇ ਸਬੰਧ ਵਿੱਚ ਹੇਠ ਲਿਖੇ ਅਨੁਸਾਰ ਤਜਵੀਜ਼ ਪੇਸ਼ ਕੀਤੀ ਜਾਂਦੀ ਹੈ :-<br>1. **ਨਗਰ ਨਿਗਮ ਦੀ ਗਊਸ਼ਾਲਾ ਤੋਂ ਲਗਭਗ 300 ਪਸ਼ੂਧੰਨ ਨੂੰ ਕਿਸੇ ਹੋਰ ਨਜਦੀਕ ਦੀ ਗਊਸ਼ਾਲਾਵਾਂ ਦੀ ਮੰਗ/ਸਮੱਰਥਾਂ ਅਨੁਸਾਰ ਰੱਖ-ਰੱਖਾਵ ਲਈ ਦੇਣ ਲਈ ਵਿਚਾਰ ਕਰ ਲਿਆ ਜਾਵੇ ਜੀ।**<br>**2. ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ 1976ਦੀ ਧਾਰਾ 344ਅਨੁਸਾਰ ਲਗਭਗ 200 ਪਸ਼ੂਆਂ ਨੂੰ ਖੁਲੀ ਬੋਲੀ (Auction) ਰਾਹੀਂ ਵੇਚਣ ਦੀ ਕਾਰਵਾਈ ਕੀਤੀ ਜਾ ਸਕਦੀ ਹੈ। ਨਗਰ ਨਿਗਮ ਵਿਖੇ ਇਸ ਸਮੇਂ 900 ਤੋਂ ਵੱਧ ਪਸ਼ਧੰਨ ਹੈ, ਜਿਸ ਵਿੱਚ ਲਗਭਗ 500 ਪਸ਼ੂਧੰਨ ਇੱਕ ਸਾਲ ਤੋਂ ਵੱਧ ਸਮੇਂ ਤੋਂ ਨਗਰ ਨਿਗਮ ਦੀ ਗਊਸ਼ਾਲਾ ਵਿਖੇ ਹੈ ਅਤੇ ਇਸ ਪਸ਼ੂਧੰਨ ਨੂੰ ਘੱਟੋਂ-ਘੱਟ 8,000/- ਰੁਪਏ ਜਾਂ ਜੋ ਕਿ ਮਾਨਯੋਗ ਹਾਊਸ ਵੱਲੋਂ** | ਲੜੀ ਨੰ: 1 ਸਬੰਧੀ ਤਜਵੀਜ ਸਰਬ-ਸੰਮਤੀ ਨਾਲ ਪ੍ਰਵਾਨ ਹੈ।<br>ਲੜੀ ਨੰ: 2 ਸਬੰਧੀ ਤਜਵੀਜ ਹਾਲ ਦੀ ਘੜੀ ਪੈਡਿੰਗ ਕੀਤੀ ਜਾਦੀ ਹੈ। |

| | | | | |
|---|---|---|---|---|
| | | | **ਪ੍ਰਵਾਨ ਕੀਤੇ ਜਾਂਦੇਰੇਟਤੇ ਵੇਚਣਨਾਲ ਜਿਥੇ ਗਊਸ਼ਾਲਾ ਵਿਖੇ ਪਸ਼ੂਧੰਨ ਦਾ ਰੱਖ-ਰੱਖਾਵ ਵਧਿਆ ਤਰੀਕੇ ਨਾਲ ਹੋਵੇਗਾ ਉਥੇ ਹੀ ਮੌਤ ਦਰ ਘੱਟ ਹੋਵੇਗੀ ਅਤੇ ਇਸ ਤਰ੍ਹਾਂ ਕਰਨ ਨਾਲ ਨਗਰ ਨਿਗਮ ਨੂੰ ਵਿੱਤੀ ਲਾਭ ਵੀ ਹੋਵੇਗਾ ।**<br>3. ਨਗਰ ਨਿਗਮ ਦੀ ਗਊਸ਼ਾਲਾ ਵਿਖੇ ਪਸ਼ੂਧੰਨ ਦੀ ਸਿਹਤ ਸਬੰਧੀ ਚੈਕਿੰਗ ਸਰਕਾਰੀ ਵੈਟਨਰੀ ਡਾਕਟਰ ਤੋਂ ਕਰਵਾਉਣ ਅਤੇ ਪਸ਼ੂਧੰਨ ਦੀ ਟੈਗਿੰਗ ਕਰਵਾਉਣ ਲਈ ਪਸ਼ੂਪਾਲਣ ਵਿਭਾਗ, ਐਸ.ਏ.ਐਸ ਨਗਰ ਨੂੰ ਪੱਤਰ ਲਿਖਣਾ ਉੱਚਿਤ ਹੋਵੇਗਾ ਜੀ ।<br>ਉਕਤ ਅਨੁਸਾਰ ਲੜੀ ਨੰ. 01 ਅਤੇ 02 ਸਬੰਧੀ ਕਾਰਵਾਈ ਕਰਨੀ ਬਹੁਤ ਜਰੂਰੀ ਹੈ, ਕਿਉਂਕਿ ਨਗਰ ਨਿਗਮ ਦੀ ਗਊਸ਼ਾਲਾ ਵਿਖੇ ਪਸ਼ੂਧੰਨ ਸਮੱਰਥਾ ਤੋਂ ਵੱਧ ਹੋਣ ਕਰਕੇ ਕਿਸੇ ਵੇਲੇ ਵੀ ਕੋਈ ਬਿਮਾਰੀ ਫੈਲਣ ਦਾ ਅਤੇ ਮੌਤ ਦਰ ਵਿੱਚ ਵਾਧਾ ਹੋਣ ਦੀ ਸੰਭਾਵਣਾ ਹੈ, ਪ੍ਰੰਤੂ ਹਾਲ ਦੀ ਘੜੀ ਨਗਰ ਨਿਗਮ ਦੇ ਜਰਨਲ ਹਾਊਸ ਦੀ ਕੋਈ ਮੀਟਿੰਗ ਹੋਣ ਦੀ ਸੰਭਾਵਣਾ ਨਹੀਂ ਜਾਪਦੀ ਹੈ। ਇਸ ਲਈ ਉਕਤ ਲੜੀ ਨੰ. 1 ਅਤੇ 2 ਤੇ ਦਰਸਾਏ ਕੰਮਾਂ ਦੀ ਮਹੱਤਵਤਾ ਨੂੰ ਮੁੱਖ ਰੱਖਦੇ ਹੋਏ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੀ ਆਉਣ ਵਾਲੀ ਹਾਊਸ ਦੀ ਮੀਟਿੰਗ ਵਿੱਚ ਪ੍ਰਵਾਨਗੀ ਮਿਲਣ ਦੀ ਆਸ ਵਿੱਚ ਪ੍ਰਵਾਨ ਕਰਵਾਉਣਾ ਉੱਚਿਤ ਹੋਵੇਗਾ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | |
| 10) | 202 | 10-07-2023 | **ਤਹਿਬਜਾਰੀ ਸ਼ਾਖਾ ਲਈ ਇੱਕ PICKUP (TATA YODHA) ਦੀ ਖ੍ਰੀਦ ਕਰਨ ਸਬੰਧੀ ।**<br>ਰਿਪੋਰਟ ਤਹਿਬਜਾਰੀ ਸਾਖਾ ਕਿ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਦੀ ਤਹਿਬਜਾਰੀ ਸ਼ਾਖਾ ਵੱਲੋ ਲਿਖਿਕੇ ਦਿੱਤਾ ਗਿਆ ਹੈ ਕਿ ਮਾਨਯੋਗ ਕਮਿਸ਼ਨਰ ਜੀ ਦੇ ਨਿਰਦੇਸ਼ਾਂ ਅਨੁਸਾਰ ਮਾਨਯੋਗ ਪੰਜਾਬ-ਹਰਿਆਣਾ ਹਾਈ ਕੋਰਟ ਵੱਲੋਂ CWP 15892 ਆਫ 2020 ਵਿੱਚ ਕੀਤੇ ਗਏ ਹੁਕਮਾਂ ਦੀ ਇੰਨ-ਬਿਨ ਪਾਲਣਾ ਕਰਨ ਹਿੱਤ ਸ਼ਹਿਰ ਦੀ ਹਦੂਦ ਅੰਦਰ ਆਰਜੀ ਤੌਰ ਤੇ ਕੀਤੇ ਕਬਜ਼ਿਆਂ ਨੂੰ ਹਟਾਉਣ ਹਿੱਤ ਕਾਰਵਾਈ ਕੀਤੀ ਜਾਂਦੀ ਹੈ ਅਤੇ ਜ਼ਬਤ ਕੀਤਾ ਗਿਆ ਸਮਾਨ ਨਗਰ ਨਿਗਮ ਦੇ ਸਟੋਰ ਵਿੱਚ ਜਮ੍ਹਾਂ ਕਰਵਾਇਆ ਜਾਂਦਾ ਹੈ । ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਤਹਿਬਜਾਰੀ ਸ਼ਾਖਾ ਵਿੱਚ ਚੱਲ ਰਹੇ ਵਹੀਕਲ ਕਾਫੀ ਪੁਰਾਣੇ ਹੋ ਚੁੱਕੇ ਹਨ, ਜਿਸ ਕਾਰਨ ਤਹਿਬਜਾਰੀ ਸ਼ਾਖਾ ਦਾ ਕੰਮ ਪ੍ਰਭਾਵਿਤ ਹੋ ਰਿਹਾ ਹੈ । ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਮੁਹਾਲੀ ਸ਼ਹਿਰ ਨੂੰ ਚਾਰ ਜੋਨਾ ਵਿੱਚ ਵੰਡਿਆ ਹੋਇਆ ਹੈ ਅਤੇ ਇਨ੍ਹਾ ਜੋਨਾ ਵਿੱਚੋ ਆਰਜੀ ਇੰਕਰੋਚਮੈਂਟਾ ਹਟਾਉਣ ਲਈ ਸਿਰਫ ਇੱਕ ਹੀ ਬਲੈਰੋ ਜੀਪ ਹੈ। ਜਿਸ ਵਿੱਚ ਸੁਪਰਡੰਟ, ਇੰਸਪੈਕਟਰ ਅਤੇ ਲੇਬਰ ਕਰਮਚਾਰੀ ਬੈਠਦੇ ਹਨ , ਉਸ ਗੱਡੀ ਦੀ | ਸਰਬ-ਸੰਮਤੀ ਨਾਲ ਪ੍ਰਵਾਨ ਹੈ। ਇਸ ਤੋਂ ਇਲਾਵਾ ਇਹ ਵੀ ਫੈਸਲਾ ਲਿਆ ਗਿਆ ਕਿ ਜੋ ਗੱਡੀਆਂ ਵਰਤੋਂ ਯੋਗ ਨਹੀ ਹਨ, ਉਹਨਾਂ ਗੱਡੀਆਂ ਨੂੰ ਰੂਲਾਂ/ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕੰਡਮ ਕਰਨ ਦੀ ਕਾਰਵਾਈ ਕੀਤੀ ਜਾਵੇ। |

| | | | | |
|---|---|---|---|---|
| | | | ਹਾਲਤ ਵੀ ਬਹੁਤ ਖਰਾਬ ਹੋ ਚੁੱਕੀ ਹੈ। ਇਸ ਲਈ ਤਹਿਬਜਾਰੀ ਸ਼ਾਖਾ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਤਹਿਬਜਾਰੀ ਸ਼ਾਖਾ ਲਈ ਇੱਕ **PICKUP (TATA YODHA)** ਦੀ ਖ੍ਰੀਦ ਕਰਨੀ ਅਤਿ ਜਰੂਰੀ ਹੈ ਤਾਂ ਜੋ ਸ਼ਹਿਰ ਵਿੱਚ ਹੋ ਰਹੀਆਂ ਆਰਜੀ ਇੰਕਰੋਚਮੈਂਟਾ ਨੂੰ ਹਟਾਉਣ ਦੀ ਕਾਰਵਾਈ ਸੁਚਾਰੂ ਢੰਗ ਨਾਲ ਕੀਤੀ ਜਾ ਸਕੇ। ਸੋ ਇਸ ਸਬੰਧੀ ਸਰਕਾਰ ਦੇ ਮੰਜੂਰ ਸੂਦਾ ਜੈਮ ਪੋਰਟਲ ਦੀਆਂ ਸਪੈਸ਼ੀਫਿਕੇਸ਼ਨਾ ਚੈੱਕ ਕੀਤੀਆ ਗਈਆਂ ਤੇ ਪਾਇਆ ਗਿਆ ਕਿਟਾਟਾ ਕੰਪਨੀ ਦੀ ਇਸ **PICKUP (TATA YODHA)** ਦੀ ਕੀਮਤ 9,13,329/-ਰੁਪਏ ਹੈ ਇਸ ਤੋ ਇਲਾਵਾ ਇਸ ਦੀ ਟਰਾਸ਼ਪੋਟੇਸ਼ਨ ਇੰਸੋਰੈਂਸ, ਆਰ.ਸੀ ਆਦਿ ਨੂੰ ਮਿਲਾਕੇ ਇਸ **PICKUP (TATA YODHA)** ਦੀ ਖ੍ਰੀਦ ਕਰਨ ਤੇ ਲੱਗਭਗ 10.5 ਲੱਖ ਰੁਪਏ ਖਰਚਾ ਆਉਣ ਦੀ ਸੰਭਾਵਨਾ ਹੈ। ਇਹ ਖਰੀਦ ਸਰਕਾਰ ਦੇ ਮਾਨਤਾ ਪ੍ਰਾਪਤ ਜੈਮ ਪੋਰਟਰ ਤੋ ਕਰਨ ਲਈ ਮਾਨਯੋਗ ਕਮਿਸ਼ਨਰ ਜੀ ਦੀ ਪ੍ਰਵਾਨਗੀ ਉਪਰੰਤ ਮਾਨਯੋਗ ਮੇਅਰ ਜੀ ਦੀ ਆਗਿਆ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰਨ ਹਿੱਤ ਰਿਪੋਰਟ ਪੇਸ਼ ਹੈ ਜੀ। | |
| 11) | 203 | 10-07-2023 | **ਤਹਿਬਜਾਰੀ ਸ਼ਾਖਾ ਲਈ 2 ਨਵੇ ਕੈਟਰਾਂ ਦੀ ਖ੍ਰੀਦ ਕਰਨ ਸਬੰਧੀ।**<br><br>ਰਿਪੋਰਟ ਤਹਿਬਜਾਰੀ ਸਾਖਾ ਕਿ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਦੀ ਤਹਿਬਜਾਰੀ ਸ਼ਾਖਾ ਵੱਲੋ ਲਿਖਿਕੇ ਦਿੱਤਾ ਗਿਆ ਹੈ ਕਿ ਮਾਨਯੋਗ ਕਮਿਸ਼ਨਰ ਜੀ ਦੇ ਨਿਰਦੇਸ਼ਾਂ ਅਨੁਸਾਰ ਮਾਨਯੋਗ ਪੰਜਾਬ-ਹਰਿਆਣਾ ਹਾਈ ਕੋਰਟ ਵੱਲੋਂ CWP 15892 ਆਫ 2020 ਵਿੱਚ ਕੀਤੇ ਗਏ ਹੁਕਮਾਂ ਦੀ ਇੰਨ-ਬਿਨ ਪਾਲਣਾ ਕਰਨ ਹਿੱਤ ਸ਼ਹਿਰ ਦੀ ਹਦੂਦ ਅੰਦਰ ਆਰਜੀ ਤੌਰ ਤੇ ਕੀਤੇ ਕਬਜ਼ਿਆਂ ਨੂੰ ਹਟਾਉਣ ਹਿੱਤ ਕਾਰਵਾਈ ਕੀਤੀ ਜਾਂਦੀ ਹੈ ਅਤੇ ਜ਼ਬਤ ਕੀਤਾ ਗਿਆ ਸਮਾਨ ਨਗਰ ਨਿਗਮ ਦੇ ਸਟੋਰ ਵਿੱਚ ਜਮ੍ਹਾਂ ਕਰਵਾਇਆ ਜਾਂਦਾ ਹੈ। ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਤਹਿਬਜਾਰੀ ਸ਼ਾਖਾ ਵਿੱਚ ਚੱਲ ਰਹੇ ਵਹੀਕਲ ਕਾਫੀ ਪੁਰਾਣੇ ਹੋ ਚੁੱਕੇ ਹਨ, ਜਿਸ ਕਾਰਨ ਤਹਿਬਜਾਰੀ ਸ਼ਾਖਾ ਦਾ ਕੰਮ ਪ੍ਰਭਾਵਿਤ ਹੋ ਰਿਹਾ ਹੈ। ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਮੁਹਾਲੀ ਸ਼ਹਿਰ ਨੂੰ ਚਾਰ ਜੋਨਾ ਵਿੱਚ ਵੰਡਿਆ ਹੋਇਆ ਹੈ ਅਤੇ ਇਨ੍ਹਾ ਜੋਨਾ ਵਿੱਚੋ ਆਰਜੀ ਇੰਕਰੋਚਮੈਂਟਾ ਹਟਾਉਣ ਲਈ ਸਿਰਫ ਇੱਕ ਹੀ ਕੈਟਰ ਮੌਜੂਦ ਹੈ। ਇਸ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਤਹਿਬਜਾਰੀ ਸ਼ਾਖਾ ਲਈ ਦੋ ਨਵੇ ਕੈਟਰਾਂ ਦੀ ਖ੍ਰੀਦ ਕਰਨੀ ਅਤਿ ਜਰੂਰੀ ਹੈ ਤਾਂ ਜੋ ਸ਼ਹਿਰ ਵਿੱਚ ਹੋ ਰਹੀਆਂ ਆਰਜੀ ਇੰਕਰੋਚਮੈਂਟਾ ਨੂੰ ਹਟਾਉਣ ਦੀ ਕਾਰਵਾਈ ਸੁਚਾਰੂ ਢੰਗ ਨਾਲ ਕੀਤੀ ਜਾ ਸਕੇ । ਸੋ ਇਸ ਸਬੰਧੀ ਸਰਕਾਰ ਦੇ ਮੰਜੂਰ ਸੂਦਾ ਜੈਮ ਪੋਰਟਲ ਦੀਆਂ ਸਪੈਸ਼ੀਫਿਕੇਸ਼ਨਾ ਚੈੱਕ ਕੀਤੀਆ ਗਈਆਂ ਤੇ ਪਾਇਆ ਗਿਆ ਕਿਟਾਟਾ ਕੰਪਨੀ ਦੇ ਇਸ MODEL(TATA 712 LPT DCR35HSD 125B6MS ST BS-6) ਦੀ ਕੀਮਤ 15,23,880 ਰੁਪਏ ਹੈ ਇਸ ਤੋ ਇਲਾਵਾ ਇਸ ਦੀ ਟਰਾਸ਼ਪੋਟੇਸ਼ਨ ਇੰਸੋਰੈਂਸ, ਆਰ.ਸੀ ਆਦਿ ਨੂੰ ਮਿਲਾਕੇ ਇਨ੍ਹਾ ਦੋ ਕੈਟਰਾਂ ਦੀ ਖ੍ਰੀਦ ਕਰਨ ਤੇ ਲੱਗਭਗ 34 ਲੱਖ | ਸਰਬ-ਸੰਮਤੀ ਨਾਲ ਪ੍ਰਵਾਨ ਹੈ। ਇਸ ਤੋਂ ਇਲਾਵਾ ਇਹ ਵੀ ਫੈਸਲਾ ਲਿਆ ਗਿਆ ਕਿ ਜੋ ਗੱਡੀਆਂ ਵਰਤੋਂ ਯੋਗ ਨਹੀ ਹਨ, ਉਹਨਾਂ ਗੱਡੀਆਂ ਨੂੰ ਰੂਲਾਂ/ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕੰਡਮ ਕਰਨ ਦੀ ਕਾਰਵਾਈ ਕੀਤੀ ਜਾਵੇ। |

| | | | | |
|---|---|---|---|---|
| | | | ਰੁਪਏ ਖਰਚਾ ਆਉਣ ਦੀ ਸੰਭਾਵਨਾ ਹੈ। ਇਹ ਖਰੀਦ ਸਰਕਾਰ ਦੇ ਮਾਨਤਾ ਪ੍ਰਾਪਤ ਜੈਮ ਪੋਰਟਰ ਤੋ ਕਰਨ ਲਈ ਮਾਨਯੋਗ ਕਮਿਸ਼ਨਰ ਜੀ ਦੀ ਪ੍ਰਵਾਨਗੀ ਉਪਰੰਤ ਮਾਨਯੋਗ ਮੇਅਰ ਜੀ ਦੀ ਆਗਿਆ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰਨ ਹਿੱਤ ਰਿਪੋਰਟ ਪੇਸ਼ ਹੈ ਜੀ। | |
| 12) | 204 | 10-07-2023 | **ਨਗਰ ਨਿਗਮ ਮੋਹਾਲੀ ਦੇ ਲੋਅਰ ਕੋਰਟ ਮੋਹਾਲੀ ਅਤੇ ਲੋਕਲ ਕੋਰਟ/District Dispute Redresal Committee ਵਿੱਚ ਚੱਲ ਰਹੇ ਕੇਸਾਂ ਦੀ ਪੈਰਵੀ ਲਈ ਰਿਟੇਨਰ ਦੀ ਨਿਯੁਕਤੀ ਕਰਨ ਸਬੰਧੀ।**<br><br>ਰਿਪੋਰਟ ਲੀਗਲ ਸ਼ਾਖਾ ਕਿ District Street Vender Dispute Redresal Committee ਵਿੱਚ ਸਟਰੀਟ ਵੈਂਡਰਾਂ ਵੱਲੋਂ ਕੀਤੇ ਜਾ ਰਹੇ ਕੇਸਾਂ ਦਾ ਨਿਪਟਾਰਾ ਕਰਨ ਲਈ ਨਗਰ ਨਿਗਮ, ਮੋਹਾਲੀ ਵਿਖੇ ਇਸ ਕੰਮ ਲਈ ਕੋਈ ਵੀ ਲੀਗਲ ਰੀਟੇਨਰ ਨਾ ਹੋਣ ਕਰਕੇ ਇਹਨਾਂ ਕੇਸਾਂ ਵਿੱਚ ਸਮੇਂ ਸਿਰ ਜਵਾਬ ਦਾਇਰ ਨਾ ਹੋਣ ਕਰਕੇ DSVDRC ਵੱਲੋਂ ਕਈ ਕੇਸਾਂ ਵਿੱਚ ਸਟੇਅ ਦਿੱਤਾ ਜਾ ਰਿਹਾ ਹੈ। ਇਸ ਸਮੇਂ ਲਗਭਗ 90 ਕੇਸ ਪੈਡਿੰਗ ਹਨ, ਜਿਹਨਾ ਦਾ ਸਮੇਂ ਸਿਰ ਜਵਾਬ ਦਿੱਤਾ ਜਾਣਾ ਜਰੂਰੀ ਹੈ ਤਾ ਜ਼ੋ ਕਿ ਸਟਰੀਟ ਵੈਡਰਾਂ ਸਬੰਧੀ ਝਗੜਿਆ ਨੂੰ ਸਮੇਂ ਸਿਰ ਖ਼ਤਮ ਕੀਤਾ ਜਾ ਸਕੇ। ਇਹਨਾ ਕੇਸਾਂ ਦਾ ਨਿਪਟਾਰਾ ਕਰਨ ਨਗਰ ਨਿਗਮ ਨੂੰ ਇੱਕ ਲੀਗਲ ਰੀਟੇਨਰ ਦੀ ਜਰੂਰਤ ਹੈ, ਇਸ ਸਬੰਧੀ ਸਰਕਾਰ ਦੇ ਪੱਤਰ ਨੰ: 9/28/2002-2 ਸਸ4/2231 ਮਿਤੀ: 01–11–2021 ਅਨੁਸਾਰ ਨਗਰ ਨਿਗਮਾਂ ਵਿੱਚ 10000/- ਰੁਪਏ ਪ੍ਰਤੀ ਮਹੀਨੇ ਤੇ ਮਾਣਭੱਤੇ ਲੀਗਲ ਰੀਟੇਨਰ ਰੱਖਿਆ ਜਾ ਸਕਦਾ ਹੈ। ਇਸ ਲਈ ਇਸ ਕੰਮ ਨੂੰ ਸਮੇਂ ਸਿਰ ਅਤੇ ਸਹੀ ਢੰਗ ਨੇਪੇਰੇ ਚਾੜਨ ਲਈ ਉਚ ਅਧਿਕਾਰੀਆਂ ਨਾਲ ਡਿਸਕਸ ਕੀਤਾ ਗਿਆ ਅਤੇ ਲੀਗਲ ਰੀਟੇਨਰ ਨਿਯੁਕਤ ਕਰਨ ਲਈ 3 ਮੈਬਰਾਂ ਦੀ ਕਮੇਟੀ ਸੰਯੁਕਤ ਕਮਿਸ਼ਨਰ, ਸਹਾਇਕ ਕਮਿਸ਼ਨਰ ਅਤੇ ਲਾਅ ਅਫ਼ਸਰ ਬਣਾਈ ਗਈ ਅਤੇ ਇਸ ਕਮੇਟੀ ਨੂੰ 5 ਦਰਖਾਸਤਾ ਬਤੌਰ ਲੀਗਲ ਰੀਟੇਨਰ ਪ੍ਰਾਪਤ ਹੋਈਆਂ,ਉਕਤ ਕਮੇਟੀ ਵੱਲੋਂ ਦਰਖਾਸਤਾਂ ਦੀ ਪੜਚੋਲ ਕਰਨ ਤੇ **ਸ਼੍ਰੀ ਅਸ਼ੋਕ ਕੁਮਾਰ, ਐਡਵੋਕੇਟ ਜਿਲ੍ਹਾ ਅਦਾਲਤ ਮੋਹਾਲੀ ਨੂੰ ਸਭ ਤੋਂ ਵੱਧ ਤਜਰਬੇਕਾਰ ਪਾਇਆ ਗਿਆ ਹੈ ਅਤੇ ਸ਼੍ਰੀ ਅਸ਼ੋਕ ਕੁਮਾਰ, ਐਡਵੋਕੇਟ ਨੂੰ ਨਗਰ ਨਿਗਮ/ਨਗਰ ਕੌਂਸਲਾਂ ਦੇ ਕੇਸਾਂ ਨੂੰ ਵੱਖ–ਵੱਖ ਅਦਾਲਤਾਂ ਵਿੱਚ ਡਿਫੈਂਡ ਕਰਨ ਦਾ ਵੀ ਤਜ਼ਰਬਾ ਹੈ। ਇਸ ਲਈ ਕਮੇਟੀ ਵੱਲੋਂ ਸ਼੍ਰੀ ਅਸ਼ੋਕ ਕੁਮਾਰ ਨੂੰ ਨਗਰ ਨਿਗਮ ਲਈ ਰਿਟੇਨਰ 10000/- ਰੁਪਏ ਪ੍ਰਤੀ ਮਹੀਨਾ ਫਿਕਸਡ ਤਨਖਾਹ ਤੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਿਯੁਕਤ ਕਰਨ ਦੀ ਸ਼ਿਫਾਇਸ ਕੀਤੀ ਜਾਂਦੀ ਹੈ।**<br>ਉਕਤ ਤੋਂ ਇਲਾਵਾ ਸ਼੍ਰੀ ਰੋਹਿਤ ਗੁਪਤਾ, ਸ਼੍ਰੀ ਸਤਨਾਮ ਸਿੰਘ ਅਤੇ ਸ਼੍ਰੀਮਤੀ ਗੁਨੀਤ ਬੱਬਰ, ਵਕੀਲਾਂ ਨੂੰ ਨਗਰ ਨਿਗਮ ਦੇ ਪੈਨਲ ਤੇ ਜਿਲ੍ਹਾ ਅਦਾਲਤ/ਲੋਕਲ ਅਦਾਲਤ ਅਤੇ ਹੋਰ ਲੋਕ ਕਮਿਸ਼ਨਾਂ ਵਿੱਚ ਕੇਸ ਡਿਫੈਂਡ ਕਰਨ ਲਈ ਨਗਰ ਨਿਗਮ ਦੇ ਇਮਪੈਨਲ ਕਰਨ ਦੀ ਸ਼ਿਫਾਰਸ਼ ਵੀ ਕੀਤੀ ਗਈ ਹੈ।"<br>ਉਕਤ ਅਨੁਸਾਰ ਕਮੇਟੀ ਦੀ ਰਿਪੋਰਟ ਅਤੇ ਇਸ ਕੰਮ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਸ਼੍ਰੀ ਅਸ਼ੋਕ ਕੁਮਾਰ ਨੂੰ ਇਹਨਾ ਕੇਸਾਂ ਦਾ ਨਿਪਟਾਰਾ ਕਰਵਾਉਣ ਲਈ ਨਗਰ ਨਿਗਮ ਲਈ ਲੀਗਲ ਰਿਟੇਨਰ 10000/- ਰੁਪਏ ਪ੍ਰਤੀ ਮਹੀਨਾ ਮਾਣਭੱਤੇ ਤੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਿਯੁਕਤ ਕਰਦੇ ਹੋਏ ਹਦਾਇਤ ਕੀਤੀ ਗਈ ਕਿ ਇਸ ਸਬੰਧੀ ਮਾਨਯੋਗ ਹਾਊਸ ਦੀ ਆਉਣ ਵਾਲੀ ਮੀਟਿੰਗ ਵਿੱਚ ਕਾਰਜ ਬਾਅਦ ਪ੍ਰਵਾਨਗੀ ਲੈ ਲਈ ਜਾਵੇ।<br>ਇਸ ਲਈ ਉਕਤ ਕੇਸ ਮਾਨਯੋਗ ਕਮਿਸ਼ਨਰ ਜੀ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਨਗਰ ਨਿਗਮ ਦੇ ਹਾਊਸ ਦੇ ਵਿਚਾਰ/ਪ੍ਰਵਾਨਗੀ ਹਿੱਤ ਪੇਸ਼ ਹੈ ਜੀ। | **ਸ਼੍ਰੀ ਅਸੋਕ ਕੁਮਾਰ, ਐਡਵੋਕੇਟ ਨੂੰ ਰੀਟੇਨਰ ਰੱਖਣਾ ਸਰਬ–ਸੰਮਤੀ ਨਾਲ ਪ੍ਰਵਾਨ ਹੈ।** |
| 13) | 205 | 10-07-2023 | **ਸ਼੍ਰੀ ਅਮਰ ਸਿੰਘ, ਮਾਲੀ ਦੀ ਮੌਤ ਤੋ ਬਾਅਦ ਉਸਦੇ ਪੁੱਤਰ ਸ਼੍ਰੀ ਮਨਸੁੱਖ ਸਿੰਘ ਨੂੰ ਤਰਸ ਦੇ ਅਧਾਰ ਤੇ ਮਾਲੀ–ਕਮ–ਚੌਕੀਦਾਰ ਦੀ ਅਸਾਮੀ ਤੇ ਨੋਕਰੀ ਦੇਣ ਬਾਰੇ।** | **ਸਰਬ–ਸੰਮਤੀ ਨਾਲ ਰੂਲਾਂ ਅਨੁਸਾਰ ਪ੍ਰਵਾਨ ਹੈ।** |

ਰਿਪੋਰਟ ਅਮਲਾ ਸਾਖਾ ਕਿ ਵਿਸ਼ੇ ਸਬੰਧੀ ਬੇਨਤੀ ਹੈ ਕਿ ਸ੍ਰੀ ਮਨਸੁੱਖ ਸਿੰਘ ਪੁੱਤਰ ਲੇਟ ਸ੍ਰੀ ਅਮਰ ਸਿੰਘ, ਵਾਸੀ ਮਕਾਨ ਨੰ: 81, ਸੁੰਕ, ਐਸ.ਏ.ਐਸ ਨਗਰ ਵੱਲੋ ਬੇਨਤੀ ਪੱਤਰ ਪ੍ਰਾਪਤ ਹੋਇਆ ਹੈ ਕਿ ਮੇਰੇ ਪਿਤਾ ਸ੍ਰੀ ਅਮਰ ਸਿੰਘ ਪੁੱਤਰ ਉਜਾਗਰ ਸਿੰਘ, ਜੋ ਕਿ ਨਗਰ ਨਿਗਮ ਮੋਹਾਲੀ ਵਿਖੇ ਬਤੌਰ ਮਾਲੀ-ਕਮ-ਚੌਕੀਦਾਰ ਰੈਗੂਲਰ ਤੌਰ ਤੇ ਕੰਮ ਕਰਦੇ ਸੀ। ਅਚਾਨਕ ਹੀ ਮੇਰੇ ਪਿਤਾ ਜੀ ਦੀ ਬਿਮਾਰੀ ਦੇ ਕਾਰਨ ਮੌਤ ਹੋ ਚੁੱਕੀ ਹੈ। ਮੇਰੇ ਪਿਤਾ ਦੀ ਮੌਤ ਤੋ ਬਾਅਦ ਸਾਡੇ ਪਰਿਵਾਰ ਵਿੱਚ ਮੇਰੀ ਦਾਦੀ, ਮੇਰੀ ਮਾਤਾ ਅਤੇ ਅਸੀ ਤਿੰਨ ਭੈਣ-ਭਰਾ ਹਨ, ਜੋ ਕਿ ਇਸ ਪ੍ਰਕਾਰ ਹਨ :-

1. ਦਾਦੀ :- ਜਗੀਰ ਸਿੰਘ
2. ਮਾਤਾ :- ਹਰਜਿੰਦਰ ਕੌਰ
3. ਭੈਣ :- ਪਿੰਕੀ
4. ਭਰਾ :- ਗੁਰਸੰਗਤ ਸਿੰਘ
5. ਖੁੱਦ :- ਮਨਸੁੱਖ ਸਿੰਘ

ਮੇਰੇ ਤੋ ਇਲਾਵਾ ਮੇਰੇ ਦੋਨੋ ਭੈਣ-ਭਰਾ ਵਿਆਹੇ ਹੋਏ ਹਨ ਅਤੇ ਪਿਤਾ ਦੀ ਮੌਤ ਤੋ ਬਾਅਦ ਕੋਈ ਕਮਾਈ ਦਾ ਸਾਧਨ ਨਹੀ ਹੈ। ਘਰ ਦਾ ਗੁਜਾਰਾ ਕਰਨਾ ਮੁਸ਼ਕਿਲ ਹੋ ਰਿਹਾ ਹੈ। ਇਸ ਲਈ ਸਰਕਾਰ ਦੇ ਰੂਲਾਂ ਅਨੁਸਾਰ ਤਰਸ ਦੇ ਅਧਾਰ ਤੇ ਮੈਨੂੰ ਮੇਰੇ ਪਿਤਾ ਜੀ ਦੀ ਥਾਂ ਤੇ ਮਾਲੀ-ਕਮ-ਚੌਕੀਦਾਰ ਦੀ ਅਸਾਮੀ ਤੇ ਰੱਖਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਵਿਸ਼ੇ ਅਧੀਨ ਕੇਸ ਵਾਚਣ ਦੀ ਖੇਚਲ ਕੀਤੀ ਜਾਵੇ ਜੀ।

ਸਰਵਿਸ ਰਿਕਾਰਡ ਅਨੁਸਾਰ ਸ੍ਰੀ ਅਮਰ ਸਿੰਘ ਪੁੱਤਰ ਉਜਾਗਰ ਸਿੰਘ ਨੂੰ ਇਸ ਦਫ਼ਤਰ ਦੇ ਪੱਤਰ ਨੰ: 1544 ਮਿਤੀ 06-05-2002 ਰਾਹੀ ਬਤੌਰ ਮਾਲੀ-ਕਮ-ਚੌਕੀਦਾਰ ਰੈਗੂਲਰ ਤੌਰ ਤੇ ਨਿਯੁਕਤ ਕੀਤਾ ਗਿਆ ਸੀ ਅਤੇ ਇਸ ਕਰਮਚਾਰੀ ਵੱਲੋ ਮਿਤੀ 08-05-2002 ਨੂੰ ਜੁਆਇੰਨ ਕੀਤਾ ਗਿਆ ਸੀ। ਹੁਣ ਇਸ ਕਰਮਚਾਰੀ ਦੀ ਸਬ-ਰਜਿਸਟਰਾਰ, ਜਨਮ ਅਤੇ ਮੌਤ, ਪੀ.ਜੀ.ਆਈ, ਸੈਕਟਰ-12, ਚੰਡੀਗੜ੍ਹ ਜੀ ਦੇ ਰਜਿਸਟਰੇਸ਼ਨ ਨੰ: ਡੀ-2023:4-90006-001028 ਅਤੇ ਰਜਿਸਟਰੇਸ਼ਨ ਮਿਤੀ 30-01-2023 ਅਨੁਸਾਰ ਮਿਤੀ 29-01-2023 ਨੂੰ ਪੀ.ਜੀ.ਆਈ ਵਿਖੇ ਮੌਤ ਹੋ ਗਈ ਹੈ ਅਤੇ ਸ੍ਰੀ ਮਨਸੁੱਖ ਸਿੰਘ ਵੱਲੋ ਤਰਸ ਦੇ ਅਧਾਰ ਤੇ ਨੌਕਰੀ ਦੇਣ ਲਈ ਮੰਗ ਕੀਤੀ ਗਈ ਹੈ ਅਤੇ ਨਾਲ ਹੀ ਸ੍ਰੀ ਮਨਸੁੱਖ ਸਿੰਘ ਵੱਲੋ ਆਪਣੇ ਉਕਤ ਪਰਿਵਾਰਕ ਮੈਬਰਾਂ ਦੇ ਕਾਰਜਕਾਰੀ ਮੈਜਿਸਟਰੇਟ, ਮਾਜਰੀ ਵੱਲੋ ਜਾਰੀ ਹਲਫੀਆ ਬਿਆਨ ਅਤੇ ਆਪਣਾ ਹਲਫੀਆ ਬਿਆਨ, ਜੋ ਕਿ ਪਰਿਵਾਰ ਦੀ ਮਾਲੀ ਹਾਲਤ ਨਾਲ ਸਬੰਧਤ ਹੈ, ਨੱਥੀ ਕੀਤੇ ਗਏ ਹਨ। ਇਨ੍ਹਾਂ ਹਲਫੀਆ ਬਿਆਨ ਰਾਹੀ ਉਕਤ ਪਰਿਵਾਰਕ ਮੈਬਰਾਂ ਵੱਲੋ ਲਿਖਿਆ ਗਿਆ ਹੈ ਕਿ ਜੇਕਰ ਮ੍ਰਿਤਕ ਕਰਮਚਾਰੀ ਦੀ ਥਾਂ ਤੇ ਸ੍ਰੀ ਮਨਸੁੱਖ ਸਿੰਘ ਪੁੱਤਰ ਲੇਟ ਸ੍ਰੀ ਅਮਰ ਸਿੰਘ ਨੂੰ ਤਰਸ ਦੇ ਅਧਾਰ ਤੇ ਨੌਕਰੀ ਦਿੱਤੀ ਜਾਂਦੀ ਹੈ ਤਾਂ ਉਨ੍ਹਾਂ ਨੂੰ ਕੋਈ ਇਤਰਾਜ ਨਹੀ ਹੋਵੇਗਾ।

ਇੱਥੇ ਇਹ ਦੱਸਣਯੋਗ ਹੈ ਕਿ ਪ੍ਰਸੋਨਲ ਵਿਭਾਗ ਦੇ ਪੱਤਰ ਨੰ: 11/05/98-4ਪੀ.ਪੀ.11/14420 ਮਿਤੀ 21-11-2002 ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰ: ਅਸ4-ਡਸਸ-2004/(14/96)(ਸਰਕੂਲਰ)/9808-9947 ਮਿਤੀ 02-06-2004 ਅਤੇ ਪ੍ਰਸੋਨਲ ਵਿਭਾਗ ਦੇ ਪੱਤਰ ਨੰ: 3/1/2011/5ਐਫ.ਪੀ1/301 ਮਿਤੀ 21-02-2011 ਰਾਹੀ ਤਰਸ ਦੇ ਅਧਾਰ ਤੇ ਨਿਯੁਕਤੀਆਂ ਸਬੰਧੀ ਪਾਲਿਸੀ/ਹਦਾਇਤਾਂ ਜਾਰੀ ਕੀਤੀਆਂ ਹੋਈਆਂ ਹਨ। ਸਥਾਨਕ ਸਰਕਾਰ ਵਿਭਾਗ ਦੀਆਂ ਉਕਤ ਹਦਾਇਤਾਂ ਮਿਤੀ 02-06-2004 ਅਨੁਸਾਰ ਸਥਾਨਕ ਸੰਸਥਾਵਾਂ ਵਿੱਚ ਤਰਸ ਦੇ ਅਧਾਰ ਤੇ ਗੈਰ-ਪ੍ਰਾਂਤੀਕਰਨ ਅਸਾਮੀਆਂ ਤੇ ਨਿਯੁਕਤੀ ਦਾ ਅਧਿਕਾਰ ਸਬੰਧਤ ਅਰਬਨ ਲੋਕਲ ਬਾਡੀਜ਼ ਨੂੰ ਦਿੱਤਾ ਗਿਆ ਹੈ ਅਤੇ ਇਹ ਵੀ

ਲਿਖਿਆ ਗਿਆ ਹੈ ਕਿ ਤਰਸ ਦੇ ਅਧਾਰ ਤੇ ਨਿਯੁਕਤੀ ਲਈ ਆਏ ਬਿਨੈ ਪੱਤਰਾਂ ਤੇ ਹੇਠ ਲਿਖੀਆਂ ਹਦਾਇਤਾਂ/ਸ਼ਰਤਾਂ ਅਨੁਸਾਰ ਕਾਰਵਾਈ ਕੀਤੀ ਜਾਵੇ। ਇਨ੍ਹਾਂ ਸ਼ਰਤਾਂ ਅਨੁਸਾਰ ਇਸ ਕੇਸ ਦੀ ਰਿਪੋਰਟ ਹੇਠ ਲਿਖੇ ਅਨੁਸਾਰ ਹੈ :-

| ਸ਼ਰਤ ਨੰ: | ਹਦਾਇਤਾਂ/ਸ਼ਰਤਾਂ ਦਾ ਵੇਰਵਾ | ਦਫ਼ਤਰ ਦੀ ਟਿੱਪਣੀ/ਰਿਪੋਰਟ |
|---|---|---|
| 1 | ਸਾਰੇ ਕੇਸ ਸਰਕਾਰ ਵੱਲੋ ਪੱਤਰ ਨੰ: 11/05/98-4ਪੀ.ਪੀ.11/14420 ਮਿਤੀ 21-11-2002, ਜਿਹੜੀਆਂ ਇਸ ਵਿਭਾਗ ਵੱਲੋ ਪਿੱਠ ਅੰਕਣ ਨੰ: ਅਸ4-ਡਸਸ-2003/1569/1601 ਮਿਤੀ 15-01-2003 ਰਾਹੀ ਸਥਾਨਕ ਸੰਸਥਾਵਾਂ ਨੂੰ ਗਸ਼ਤ ਕਰਵਾਈਆਂ ਹਨ, ਅਨੁਸਾਰ ਵਿਚਾਰੇ ਜਾਣਗੇ। | ਸਰਕਾਰ ਦੀਆਂ ਹਦਾਇਤਾਂ/ਪਾਲਿਸੀ ਮਿਤੀ 21-11-2002 ਅਨੁਸਾਰ ਹੀ ਤਰਸ ਦੇ ਅਧਾਰ ਤੇ ਨਿਯੁਕਤੀ ਸਬੰਧੀ ਕੇਸ ਵਿਚਾਰੇ ਜਾ ਰਹੇ ਹਨ। |
| 2 | ਸਾਰੇ ਕੇਸ ਸਰਕਾਰੀ ਹਦਾਇਤਾਂ ਅਨੁਸਾਰ ਕਰਮਚਾਰੀ ਦੀ ਮੌਤ ਦੇ ਅਗਲੇ ਛੇ ਮਹੀਨੇ ਦੇ ਸਮੇ ਦੇ ਅੰਦਰ ਆਏ ਬੇਨਤੀ ਪੱਤਰਾਂ ਤੇ ਹੀ ਵਿਚਾਰ ਕੀਤਾ ਜਾਵੇ। | ਸ੍ਰੀ ਮਨਸੁੱਖ ਸਿੰਘ ਪੁੱਤਰ ਅਮਰ ਸਿੰਘ ਦੀ ਤਰਸ ਦੇ ਅਧਾਰ ਤੇ ਨੋਕਰੀ ਲੈਣ ਲਈ ਪ੍ਰਤੀ ਬੇਨਤੀ ਡਾਇਰੀ ਨੰ: 622 ਮਿਤੀ 24-02-2023 ਰਾਹੀ ਨਗਰ ਨਿਗਮ ਨੂੰ ਪ੍ਰਾਪਤ ਹੋਈ ਹੈ, ਜ਼ੋ ਕਿ ਇਸ ਸ਼ਰਤ ਅਨੁਸਾਰ ਠੀਕ ਹੈ। |
| 3 | ਕੇਵਲ ਮੌਤ ਕਾਰਨ, ਰਿਟਾਇਰਮੈਂਟ ਅਤੇ ਤਰੱਕੀ ਕਾਰਨ ਖਾਲੀ ਹੋਈ ਪੱਕੀ ਪ੍ਰਵਾਨਸੁਦਾ ਅਸਾਮੀ ਵਿਰੁੱਧ ਹੀ ਤਰਸ ਦੇ ਅਧਾਰ ਤੇ ਨਿਯੁਕਤੀਆਂ ਕੀਤੀਆਂ ਜਾਣਗੀਆਂ। | ਸ੍ਰੀ ਅਮਰ ਸਿੰਘ, ਮਾਲੀ ਰੈਗੂਲਰ ਤੌਰ ਤੇ ਪ੍ਰਵਾਨਸੁਦਾ ਅਸਾਮੀ ਵਿਰੁੱਧ ਕੰਮ ਕਰਦਾ ਸੀ, ਜਿਸਦੀ ਮੌਤ ਮਿਤੀ 29-01-2023 ਨੂੰ ਹੋਈ ਹੈ। ਇਸ ਲਈ ਇਹ ਕੇਸ ਇਸ ਸ਼ਰਤ ਅਨੁਸਾਰ ਠੀਕ ਹੈ। |
| 4 | ਬਜ਼ਟ ਵਿੱਚ ਕੀਤੇ ਉਪਬੰਧਾਂ ਅਨੁਸਾਰ ਅਜਿਹੀਆਂ ਅਸਾਮੀਆਂ ਦੀ ਭਰਨ ਦੀ ਪੂਰਵ ਪ੍ਰਵਾਨਗੀ ਇਸ ਵਿਭਾਗ ਤੋ ਲੈਣੀ ਹੋਵੇਗੀ। | ਇਹ ਕੇਸ ਨਗਰ ਨਿਗਮ (ਹਾਊਸ) ਦੀ ਪ੍ਰਵਾਨਗੀ ਉਪਰੰਤ ਸਰਕਾਰ ਨੂੰ ਭੇਜਿਆ ਜਾਂਦਾ ਹੈ ਅਤੇ ਪ੍ਰਵਾਨਗੀ ਪ੍ਰਾਪਤ ਹੋਣ ਉਪਰੰਤ ਹੀ ਨਿਯੁਕਤੀ ਪੱਤਰ ਜਾਰੀ ਕੀਤਾ ਜਾਂਦਾ ਹੈ। |
| 5 | ਨਿਯੁਕਤੀ ਅਧਿਕਾਰੀ ਤਰਸ ਦੇ ਅਧਾਰ ਤੇ ਨਿਯੁਕਤੀ ਲਈ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰਿਕਾਰਡ ਦੀ ਛਾਣਬੀਣ ਆਪਣੀ ਪੱਧਰ ਤੇ ਕਰਨ ਲਈ ਅਤੇ ਇਸ ਸਬੰਧੀ ਜੁੰਮੇਵਾਰ ਹੋਣਗੇ। | ਸਰਕਾਰ ਦੀਆਂ ਹਦਾਇਤਾਂ ਮਿਤੀ 21-11-2002 ਦੇ ਰੂਲ 3(2) (Dependent Member), ਰੂਲ 3(2)ਨੋਟ-2 (Regular Government Servant), ਰੂਲ 5 (Post on which such appointment can be made), ਰੂਲ 6 (Eligibility/Qualification), ਰੂਲ 8 (Relaxations) ਅਤੇ ਰੂਲ 11 ਅਨੁਸਾਰ ਵਿੱਤੀ ਸਥਿਤੀ ਦੇਖਦੇ ਹੋਏ ਤਰਸ ਦੇ ਅਧਾਰ ਤੇ |

| | | | | | | |
|---|---|---|---|---|---|---|
| | | | | | ਨਿਯੁਕਤੀ ਕਰਨ ਸਬੰਧੀ ਹਦਾਇਤਾਂ ਹਨ।<br>ਰੂਲ 3(2) (Dependent Member) ਸਬੰਧੀ ਲਿਖਿਆ ਜਾਂਦਾ ਹੈ ਕਿ ਹਦਾਇਤਾਂ ਮਿਤੀ 21-11-2002 ਦੇ ਅਨੈਕਚਰ-2 ਵਿੱਚ A Dependent member of deceased government employee ਲਈ ਲੋੜੀਦੇ ਦਸਤਾਵੇਜ਼ਾਂ ਵਿੱਚ ਹਲਫੀਆ ਬਿਆਨ ਸ਼ਾਮਿਲ ਹੈ ਅਤੇ ਮ੍ਰਿਤਕ ਕਰਮਚਾਰੀ ਦੇ ਪਰਿਵਾਰਿਕ ਮੈਬਰਾਂ ਵੱਲੋ ਹਲਫੀਆ ਬਿਆਨ ਜ਼ੋ ਕਿ ਕਾਰਜਕਾਰੀ ਮੈਜਿਸਟਰੇਟ, ਮਾਜਰੀ ਵੱਲੋ ਤਸਦੀਕ ਕੀਤਾ ਗਿਆ ਹੈ, ਰਾਹੀ ਲਿਖਿਆ ਗਿਆ ਹੈ ਕਿ ਉਹ ਸ੍ਰੀ ਅਮਰ ਸਿੰਘ, ਐਕਸ ਮਾਲੀ ਉਪਰ ਹੀ ਨਿਰਭਰ ਸੀ।<br>ਰੂਲ 3(2)ਨੋਟ-2 ਸਬੰਧੀ ਲਿਖਿਆ ਜਾਂਦਾ ਹੈ ਕਿ ਮ੍ਰਿਤਕ ਕਰਮਚਾਰੀ ਇੱਕ ਰੈਗੂਲਰ ਕਰਮਚਾਰੀ ਸੀ।<br>ਰੂਲ 5 ਸਬੰਧੀ ਲਿਖਿਆ ਜਾਂਦਾ ਹੈ ਕਿ ਸ੍ਰੀ ਮਨਸੁੱਖ ਸਿੰਘ ਨੂੰ ਮਾਲੀ-ਕਮ-ਚੌਕੀਦਾਰ (ਗਰੁੱਪ-ਡੀ) ਦੀ ਅਸਾਮੀ ਤੇ ਤਰਸ ਦੇ ਅਧਾਰ ਤੇ ਨਿਯੁਕਤੀ ਕਰਨ ਸਬੰਧੀ ਤਜਵੀਜ ਕੀਤੀ ਗਈ ਹੈ।<br>ਰੂਲ 6(ਬੀ) ਸਬੰਧੀ ਲਿਖਿਆ ਜਾਂਦਾ ਹੈ ਕਿ The Punjab Municipal Employees (Class IV) Service Rules, 1986 ਦੇ ਅਪੈਡਿਕਸ-ਬੀ ਅਨੁਸਾਰ ਮਾਲੀ-ਕਮ-ਚੌਕੀਦਾਰ ਦੀ ਅਸਾਮੀ ਲਈ ਵਿਦਿਅਕ ਯੋਗਤਾ ਮਿਡਲ ਪਾਸ ਨਿਰਧਾਰਿਤ ਕੀਤੀ ਗਈ ਹੈ ਅਤੇ ਇਹ ਕਰਮਚਾਰੀ 9ਵੀ ਪਾਸ ਹੈ। ਇਸ ਤਰ੍ਹਾਂ ਸ੍ਰੀ ਮਨਸੁੱਖ ਸਿੰਘ ਮਾਲੀ-ਕਮ-ਚੌਕੀਦਾਰ ਦੀ ਅਸਾਮੀ ਲਈ ਵਿਦਿਅਕ ਯੋਗਤਾ ਪੂਰੀ ਕਰਦਾ ਹੈ।<br>ਰੂਲ 8 (Relaxations) ਸਬੰਧੀ ਲਿਖਿਆ ਜਾਂਦਾ ਹੈ ਕਿ ਸ੍ਰੀ ਮਨਸੁੱਖ ਸਿੰਘ ਦੇ ਅਧਾਰ ਕਾਰਡ ਅਨੁਸਾਰ ਉਸਦੀ ਉਮਰ 23 ਸਾਲ ਹੈ। ਜ਼ੋ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਠੀਕ ਹੈ।<br>ਰੂਲ 11 ਸਬੰਧੀ ਵਿੱਤੀ ਸਥਿਤੀ ਸਬੰਧੀ ਲਿਖਿਆ ਜਾਂਦਾ ਹੈ ਕਿ ਮ੍ਰਿਤਕ ਕਰਮਚਾਰੀ ਦੇ ਪਰਿਵਾਰਿਕ ਮੈਬਰਾਂ ਵੱਲੋ ਦਿੱਤੇ ਗਏ ਹਲਫੀਆ ਬਿਆਨ, ਜ਼ੋ ਕਿ ਕਾਰਜਕਾਰੀ ਮੈਜਿਸਟਰੇਟ, ਮਾਜਰੀ ਵੱਲੋ ਤਸਦੀਕ ਕੀਤਾ ਗਿਆ ਹੈ, ਅਨੁਸਾਰ ਪਰਿਵਾਰ ਮੈਬਰ ਮ੍ਰਿਤਕ ਕਰਮਚਾਰੀ ਉਪਰ ਹੀ ਨਿਰਭਰ ਸੀ ਅਤੇ ਉਨ੍ਹਾਂ ਕੋਲ | |

| | | | | | | |
|---|---|---|---|---|---|---|
| | | | | | ਕਮਾਈ ਦਾ ਕੋਈ ਸਾਥਨ ਨਹੀ ਹੈ। ਇਸ ਤੋ ਇਲਾਵਾ ਪ੍ਰਾਰਥੀ (ਸ੍ਰੀ ਮਨਸੁੱਖ ਸਿੰਘ) ਵੱਲੋ ਮਿਤੀ 29-05-2023 ਰਾਹੀ ਹਲਫੀਆ ਬਿਆਨ ਦਿੱਤਾ ਗਿਆ ਹੈ ਕਿ ਉਸਦੇ ਪਰਿਵਾਰ ਵਿੱਚ ਕੋਈ ਵੀ ਸਰਕਾਰੀ ਜਾਂ ਗੈਰ ਸਰਕਾਰੀ ਨੋਕਰੀ ਨਹੀ ਕਰਦਾ ਹੈ ਅਤੇ ਉਨ੍ਹਾਂ ਦੇ ਪਰਿਵਾਰ ਦੀ ਵਿੱਤੀ ਹਾਲਤ ਠੀਕ ਨਹੀ ਹੈ। ਇਸ ਲਈ ਉਕਤ ਰੂਲਾਂ ਅਨੁਸਾਰ ਇਹ ਕੇਸ ਤਰਸ ਦੇ ਅਧਾਰ ਤੇ ਨੌਕਰੀ ਦੇਣ ਲਈ ਫਿੱਟ ਹੈ। | |
| | | | 6 | ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜਿਸ ਪ੍ਰਾਰਥੀ ਨੂੰ ਤਰਸ ਦੇ ਅਧਾਰ ਤੇ ਨੌਕਰੀ ਦਿੱਤੀ ਜਾਣੀ ਹੈ, ਉਸਦੀ ਉਮਰ ਅਤੇ ਵਿਦਿਅਕ ਯੋਗਤਾ ਰੂਲਾਂ/ਹਦਾਇਤਾਂ ਅਨੁਸਾਰ ਪੂਰੀਆਂ ਕਰਦਾ ਹੋਵੇ। | The Punjab Municipal Employees (Class IV) Service Rules, 1986 ਦੇ ਅਪੈਂਡਿਕਸ-ਬੀ ਅਨੁਸਾਰ ਮਾਲੀ-ਕਮ-ਚੌਕੀਦਾਰ ਦੀ ਅਸਾਮੀ ਲਈ ਵਿਦਿਅਕ ਯੋਗਤਾ ਮਿਡਲ ਪਾਸ ਨਿਰਧਾਰਿਤ ਕੀਤੀ ਗਈ ਹੈ ਅਤੇ ਇਹ ਕਰਮਚਾਰੀ 9ਵੀ ਪਾਸ ਹੈ। ਇਸ ਤਰ੍ਹਾਂ ਸ੍ਰੀ ਮਨਸੁੱਖ ਸਿੰਘ ਮਾਲੀ-ਕਮ-ਚੌਕੀਦਾਰ ਦੀ ਅਸਾਮੀ ਲਈ ਵਿਦਿਅਕ ਯੋਗਤਾ ਪੂਰੀ ਕਰਦਾ ਹੈ। ਸਰਕਾਰ ਦੀਆਂ ਸਿੱਧੀ ਭਰਤੀ ਦੀਆਂ ਹਦਾਇਤਾਂ ਅਨੁਸਾਰ ਵੱਧ ਤੋ ਵੱਧ ਉਮਰ 37 ਸਾਲ ਨਿਰਧਾਰਿਤ ਕੀਤੀ ਹੋਈ ਹੈ ਅਤੇ ਸ੍ਰੀ ਮਨਸੁੱਖ ਸਿੰਘ ਦੇ ਅਧਾਰ ਕਾਰਡ ਅਨੁਸਾਰ ਉਸਦੀ ਉਮਰ 23 ਸਾਲ ਹੈ। ਇਸ ਤਰ੍ਹਾਂ ਪ੍ਰਾਰਥੀ ਇਹ ਸ਼ਰਤ ਪੂਰੀ ਕਰਦਾ ਹੈ। | |
| | | | 7 | ਜੇਕਰ ਪ੍ਰਾਰਥੀ ਦੇ ਪਰਿਵਾਰ ਦਾ ਕੋਈ ਵੀ ਮੈਬਰ ਪਹਿਲਾਂ ਹੀ ਨੋਕਰੀ (ਸਰਕਾਰੀ ਅਤੇ ਗੈਰ ਸਰਕਾਰੀ) ਕਰਦਾ ਹੋਵੇ ਤਾਂ ਅਧਿਕਾਰੀ ਉਸ ਉਮੀਦਵਾਰ ਦੇ ਪਰਿਵਾਰ ਦੀ ਵਿੱਤੀ ਹਾਲਤ ਨੂੰ ਸਰਕਾਰੀ ਹਦਾਇਤਾਂ ਅਨੁਸਾਰ ਮੁੱਖ ਰੱਖਕੇ ਅਗਲੇਰੀ ਨਿਯੁਕਤੀ ਦੀ ਕਾਰਵਾਈ ਕਰੇਗਾ ਅਤੇ ਲੋੜ ਪੈਣ ਤੇ ਸਰਕਾਰ ਤੋ ਅਗਵਾਈ ਲਈ ਜਾਵੇ। | ਇਸ ਸਬੰਧੀ ਲਿਖਿਆ ਜਾਂਦਾ ਹੈ ਕਿ ਮ੍ਰਿਤਕ ਕਰਮਚਾਰੀ ਦੇ ਪਰਿਵਾਰਿਕ ਮੈਬਰਾਂ ਵੱਲੋ ਦਿੱਤੇ ਗਏ ਹਲਫੀਆ ਬਿਆਨ ਜ਼ੋ ਕਿ ਕਾਰਜਕਾਰੀ ਮੈਜਿਸਟਰੇਟ,ਮਾਜਰੀ ਵੱਲੋ ਤਸਦੀਕ ਕੀਤਾ ਗਿਆ ਹੈ,ਅਨੁਸਾਰ ਪਰਿਵਾਰ ਮੈਬਰ ਮ੍ਰਿਤਕ ਕਰਮਚਾਰੀ ਉਹਰ ਹੀ ਨਿਰਭਰ ਸੀ ਅਤੇ ਉਨ੍ਹਾਂ ਕੋਲ ਕਮਾਈ ਦਾ ਕੋਈ ਸਾਥਨ ਨਹੀ ਹੈ।ਇਸ ਤੋ ਇਲਾਵਾ ਅਨੈਕਚਰ-ਐਚ ਅਨੁਸਾਰ ਪ੍ਰਾਰਥੀ ਗਮਾਡਾ ਵਿਖੇ ਦਰਜਾ-4 ਦੀ ਅਸਾਮੀ ਤੇ ਡੀ.ਸੀ. ਰੇਟ ਤੇ ਆਊਟਸੋਰਸ ਬੇਸ ਤੇ ਕੰਮ ਕਰਦਾ ਹੈ ਅਤੇ ਪ੍ਰਤੀ ਮਾਹ ਲਗਭਗ 10,000/- ਰੁਪਏ ਕਮਾਉਂਦਾ ਹੈ।ਇਸ ਤੋ ਇਲਾਵਾ ਪ੍ਰਾਰਥੀ ਵੱਲੋ ਮਿਤੀ 29-05-2023 ਰਾਹੀ ਹਲਫੀਆ ਬਿਆਨ ਦਿੱਤਾ ਗਿਆ ਹੈ ਕਿ ਉਸਦੇ ਪਰਿਵਾਰ ਵਿੱਚ ਕੋਈ ਵੀ ਰੈਗੂਲਰ ਤੌਰ ਤੇ ਸਰਕਾਰੀ ਜਾਂ ਗੈਰ ਸਰਕਾਰੀ ਨੋਕਰੀ ਨਹੀ ਕਰਦਾ ਹੈ ਅਤੇ ਉਨ੍ਹਾਂ ਦੇ ਪਰਿਵਾਰ ਦੀ ਵਿੱਤੀ ਹਾਲਤ ਠੀਕ ਨਹੀ ਹੈ। ਉਕਤ | |

| | | |
|---|---|---|
| | | ਅਨੁਸਾਰ ਪ੍ਰਾਰਥੀ ਆਊਟਸੋਰਸ ਬੇਸ ਤੇ ਦਰਜਾ-4 ਦੀ ਅਸਾਮੀ ਤੇ ਗਮਾਡਾ ਵਿਖੇ ਕੰਮ ਕਰਦਾ ਹੈ, ਜ਼ੋ ਕਿ ਇੱਕ Unsecured Job ਹੈ ਅਤੇ ਪਰਿਵਾਰ ਦਾ ਕੋਈ ਵੀ ਮੈਬਰ ਰੈਗੂਲਰ ਬੇਸ ਤੇ ਸਰਕਾਰੀ ਅਤੇ ਗੈਰ ਸਰਕਾਰੀ ਨੋਕਰੀ ਨਹੀ ਕਰਦਾ ਹੈ। ਇਸ ਤਰ੍ਹਾਂ ਪ੍ਰਾਰਥੀ ਇਸ ਸ਼ਰਤ ਅਨੁਸਾਰ ਯੋਗ ਹੈ। |
| 8 | ਮੌਤ, ਰਿਟਾਇਰਮੈਟ ਜਾਂ ਤਰੱਕੀ ਕਾਰਣ ਖਾਲੀ ਹੋਈ ਅਸਾਮੀ ਦਾ ਕੇਡਰ ਕਿਸੇ ਵੀ ਤਰਸ ਦੇ ਅਧਾਰ ਤੇ ਨੋਕਰੀ ਲਈ ਆਏ ਉਮੀਦਵਾਰ ਨੂੰ ਵਿਚਾਰਨ ਲਈ ਬਦਲਿਆ ਨਹੀ ਜਾਵੇਗਾ ਅਤੇ ਨਾ ਹੀ ਕੋਈ ਅਸਾਮੀ ਰਚੀ ਜਾਵੇਗੀ। | ਸ੍ਰੀ ਅਮਰ ਸਿੰਘ, ਮਾਲੀ ਰੈਗੂਲਰ ਤੌਰ ਤੇ ਪ੍ਰਵਾਨਸ਼ੁਦਾ ਅਸਾਮੀ ਵਿਰੁੱਧ ਕੰਮ ਕਰਦਾ ਸੀ, ਜਿਸਦੀ ਮੌਤ ਮਿਤੀ 29-01-2023 ਨੂੰ ਹੋਈ ਹੈ। ਇਸ ਕਾਰਨ ਇਹ ਅਸਾਮੀ ਮੌਤ ਕਾਰਨ ਖਾਲੀ ਹੋਈ ਹੈ ਅਤੇ ਪ੍ਰਾਰਥੀ ਨੂੰ ਵੀ ਇਸੇ ਅਸਾਮੀ (ਮਾਲੀ) ਤੇ ਤਰਸ ਦੇ ਅਧਾਰ ਤੇ ਨਿਯੁਕਤੀ ਸਬੰਧੀ ਤਜਵੀਜ਼ ਹੈ। ਇਸ ਲਈ ਕੇਸ ਇਸ ਸ਼ਰਤ ਅਨੁਸਾਰ ਠੀਕ ਹੈ। |
| 9 | ਤਰਸ ਦੇ ਅਧਾਰ ਤੇ ਨਿਯੁਕਤੀਆਂ ਸੀਨੀਆਰਤਾ ਦੇ ਅਧਾਰ ਤੇ ਕੀਤੀਆਂ ਜਾਣਗੀਆਂ ਤਾਂ ਕਿ ਪਹਿਲਾਂ ਉਸ ਮ੍ਰਿਤਕ ਦੇ ਪਰਿਵਾਰ ਦੇ ਆਸ਼ਰਤ ਨਿਯੁਕਤੀ ਲਈ ਵਿਚਾਰੇ ਜਾਣਗੇ, ਜਿਸਦੀ ਮੌਤ ਪਹਿਲਾਂ ਹੋਈ ਹੋਵੇ। | ਇਸ ਕੇਸ ਤੋ ਇਲਾਵਾ ਹੋਰ ਕੋਈ ਅਜਿਹਾ ਕੇਸ ਨਹੀ ਹੈ, ਜਿਸਦੀ ਮੌਤ ਸ੍ਰੀ ਅਮਰ ਸਿੰਘ, ਐਕਸ ਮਾਲੀ ਤੋ ਪਹਿਲਾਂ ਹੋਈ ਹੈ। ਇਸ ਲਈ ਪ੍ਰਾਰਥੀ ਇਹ ਸ਼ਰਤ ਪੂਰੀ ਕਰਦਾ ਹੈ। |
| 11 | ਸਰਕਾਰ ਵੱਲੋ ਮਿਤੀ 21-11-2002 ਨੂੰ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਮ੍ਰਿਤਕ ਕਰਮਚਾਰੀ ਦੀ ਥਾਂ ਤੇ ਨੌਕਰੀ ਲੈਣ ਵਾਲੇ ਆਸ਼ਰਿਤ ਤੋ ਅਨੁਲੱਗ-1 ਭਰਵਾਉਣ ਉਪਰੰਤ ਉਸਦੀ ਘੋਖ ਕਰਕੇ ਨਿਯੁਕਤੀ ਪੱਤਰ ਜਾਰੀ ਕਰਨ ਲਈ ਵਿਚਾਰ ਕੀਤਾ ਜਾਵੇ। | ਇਸ ਸਬੰਧੀ ਪ੍ਰਾਰਥੀ (ਸ੍ਰੀ ਮਨਸੁੱਖ ਸਿੰਘ) ਵੱਲੋ ਭਰਿਆ ਗਿਆ ਅਨੁਲੱਗ-1 ਤੇ ਨੱਥੀ ਕੀਤਾ ਜਾਂਦਾ ਹੈ। ਇਸ ਤੋ ਇਲਾਵਾ ਪ੍ਰਸੋਨਲ ਵਿਭਾਗ ਦੀਆਂ ਹਦਾਇਤਾਂ ਨੰ: 11/39/05-4ਪੀ.ਪੀ.2/9799 ਮਿਤੀ 18-07-2005 ਰਾਹੀ ਮ੍ਰਿਤਕ ਕਰਮਚਾਰੀ ਦੇ ਪਰਿਵਾਰ ਦੀ Financial Position ਵੇਖਣ ਸਮੇ ਪੈਨਸ਼ਨਰੀ ਬੈਨੀਫਿਟ ਦੀ ਰਕਮ ਨੂੰ ਕਾਊਂਟ ਨਹੀ ਕੀਤਾ ਜਾਣਾ ਹੈ ਅਤੇ ਇਹ ਅਨੁਲੱਗ-1 ਨਗਰ ਨਿਗਮ ਦੇ ਐਸ.ਡੀ.ਓਜ਼ ਵੱਲੋ ਵੈਰੀਫਾਈ ਕੀਤਾ ਜਾ ਚੁੱਕਾ ਹੈ, ਜਿਸ ਅਨੁਸਾਰ ਪਰਿਵਾਰ ਦੀ ਵਿੱਤੀ ਸਥਿਤੀ ਠੀਕ ਨਹੀ ਹੈ। |

ਇਸ ਤੋ ਇਲਾਵਾ ਪ੍ਰਸੋਨਲ ਵਿਭਾਗ ਦੇ ਪੱਤਰ ਨੰ: 3/12011/5ਐਫ.ਪੀ1/301 ਮਿਤੀ 21-02-2011 ਰਾਹੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਤਰਸ ਦੇ ਅਧਾਰ ਤੇ ਨਿਯੁਕਤੀ ਲਈ ਕੇਸਾਂ ਨੂੰ ਪਰਿਵਾਰ ਦੀ ਵਿੱਤੀ ਸਥਿਤੀ ਨੂੰ ਧਿਆਨ ਵਿੱਚ ਰੱਖਕੇ ਵਿਚਾਰਿਆ ਜਾਵੇ। ਇਸ ਸਬੰਧੀ ਪਰਿਵਾਰ ਦੀ ਵਿੱਤੀ ਸਥਿਤੀ ਨੂੰ ਉਕਤ ਲੜੀ ਨੰ: 7 ਅਤੇ 11 ਤੇ ਸਪਸ਼ਟ ਕੀਤਾ ਜਾ ਚੁੱਕਾ ਹੈ, ਜਿਸ ਅਨੁਸਾਰ ਪਰਿਵਾਰ ਦੀ

<table>
<tr><td></td><td></td><td></td><td>ਵਿੱਤੀ ਸਥਿਤੀ ਠੀਕ ਨਹੀ ਹੈ।<br>ਉਕਤ ਅਨੁਸਾਰ ਸ੍ਰੀ ਮਨਸੁੱਖ ਸਿੰਘ ਪੁੱਤਰ ਅਮਰ ਸਿੰਘ ਪ੍ਰਸੋਨਲ ਵਿਭਾਗ ਦੇ ਪੱਤਰ ਨੰ: 11/05/98-4ਪੀ.ਪੀ.11/14420 ਮਿਤੀ 21-11-2002, ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰ: ਅਸ4-ਡਸਸ-2004/(14/96)(ਸਰਕੂਲਰ)/9808-9947 ਮਿਤੀ 02-06-2004 ਅਤੇ ਪ੍ਰਸੋਨਲ ਵਿਭਾਗ ਦੇ ਪੱਤਰ ਨੰ: 3/12011/5ਐਫ.ਪੀ1/301 ਮਿਤੀ 21-02-2011 ਰਾਹੀ ਜਾਰੀ ਹਦਾਇਤਾਂ ਅਨੁਸਾਰ ਤਰਸ ਦੇ ਅਧਾਰ ਤੇ ਬਤੌਰ ਮਾਲੀ-ਕਮ-ਚੌਕੀਦਾਰ (ਗਰੁੱਪ-ਡੀ) ਦੀ ਅਸਾਮੀ ਤੇ ਨੌਕਰੀ ਲੈਣ ਲਈ ਸਾਰੀਆਂ ਸ਼ਰਤਾਂ/ਵਿਦਿਅਕ ਯੋਗਤਾਵਾਂ ਪੂਰੀ ਕਰਦਾ ਹੈ। ਗੈਰ ਪ੍ਰਾਂਤੀਕਰਨ ਅਸਾਮੀ ਦੀ Appointing Authority ਨਗਰ ਨਿਗਮ (ਹਾਊਸ) ਹੈ। ਇਸ ਲਈ ਜੇਕਰ ਰਿਪੋਰਟ ਪ੍ਰਵਾਨ ਹੋਵੇ ਤਾਂ ਸ੍ਰੀ ਮਨਸੁੱਖ ਸਿੰਘ ਨੂੰ ਉਸਦੇ ਪਿਤਾ ਸ੍ਰੀ ਅਮਰ ਸਿੰਘ, ਮਾਲੀ ਦੀ ਮੌਤ ਤੋ ਬਾਅਦ ਉਨ੍ਹਾਂ ਦੀ ਜਗ੍ਹਾਂ ਤੇ ਤਰਸ ਦੇ ਅਧਾਰ ਤੇ ਨੌਕਰੀ ਦੇਣ ਲਈ ਕੇਸ ਕਮਿਸ਼ਨਰ ਜੀ ਦੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਵਿੱਚ ਵਿਚਾਰਨ/ਪ੍ਰਵਾਨਗੀ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।</td><td></td></tr>
<tr><td>14)</td><td>206</td><td>10-07-2023</td><td><u>P/L of 30mm Thick BC in Ind. Area Phase 9 MC SAS Nagar. (E/C- 99.44 Lacs).</u><br><br>ਰਿਪੋਰਟ ਇੰਜ: ਸਾਖਾ ਕਿ ਵਿਸ਼ੇ ਸਬੰਧੀ ਦੱਸਿਆ ਜ਼ਾਂਦਾ ਹੈ ਕਿ ਵਿਸ਼ੇ ਅਧੀਨ ਕੰਮ ਇਸ ਦਫ਼ਤਰ ਦੇ ਵਰਕ ਆਰਡਰ ਨੰ: 018 Dt: 13-04-2023 ਰਾਹੀਂ Balwinder Singh Contractor ਨੂੰ ਅਲਾਟ ਕੀਤਾ ਗਿਆ ਸੀ। ਇਹ ਤਖਮੀਨਾ ਇੰਡ: ਏਰੀਆਂ ਫੇਜ ਵਿੱਚ BC ਪਾਉਣ ਦਾ ਹੈ। ਇਥੇ ਦੱਸਿਆ ਜਾਂਦਾ ਹੈ ਕਿ ਮੌਕੇ ਤੇ ਇਸ ਤਖਮੀਨੇ ਵਿੱਚ ਮਾਰਕਿਟ ਦੀ ਰੀਕਾਰਪੇਟਿੰਗ ਨਹੀਂ ਲਈ ਗਈ ਸੀ। ਇਸ ਸਮੇਂ ਇਸ ਪਾਰਕਿੰਗ ਦੀ ਹਾਲਤ ਕਾਫੀ ਖ਼ਸਤਾ ਹੈ। ਇਸ ਸਮੇਂ ਇਸ ਪਾਰਕਿੰਗ ਦਾ ਕੋਈ ਵੀ ਤਖਮੀਨਾ ਪਾਸ ਨਹੀਂ ਹੈ। ਇਹ ਕੰਮ ਉਕਤ ਕੰਮ ਵਿੱਚੋਂ ਕਰਵਾਇਆ ਜਾ ਸਕਦਾ ਹੈ। ਜਿਸ ਕਾਰਨ ਉਕਤ ਤਖਮੀਨੇ ਨੂੰ 25% ਵਧਾਇਆ ਜਾਣਾ ਅਤਿ ਜਰੂਰੀ ਹੈ।<br>ਸੋ ਉਕਤ ਤੱਥਾਂ ਨੂੰ ਮੁੱਖ ਰੱਖਦੇ ਹੋਏ ਇਸ ਤਖਮੀਨੇ ਵਿੱਚ 25% ਵਾਧਾ ਕਰਨ ਲਈ ਅਤੇ ਕੰਮ ਦੇ ਸਮੇਂ ਦੀ ਮਿਆਦ ਵਿੱਚ ਵਾਧਾ ਕਰਨ ਲਈ ਕੇਸ ਅਗਲੇਰੀ ਕਾਰਵਾਈ ਅਤੇ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।</td><td>ਸਰਬ-ਸੰਮਤੀ ਨਾਲ ਪ੍ਰਵਾਨ ਹੈ।</td></tr>
<tr><td>15)</td><td>207</td><td>10-07-2023</td><td><u>ਨਗਰ ਨਿਗਮ ਦੀ ਹਦੂਦ ਦੇ ਅੰਦਰ ਪੈਦੀਆਂ ਵੱਖ ਵੱਖ ਪਾਰਕਾਂ ਦੇ ਮੈਨਟੀਨੈਂਸ ਦੇ ਕੰਮਾਂ ਵਿੱਚ 25% ਦਾ ਵਾਧਾ ਕਰਨ ਸਬੰਧੀ।</u><br><br>ਰਿਪੋਰਟ ਇੰਜ: ਸਾਖਾ ਕਿ ਵਿਸ਼ੇ ਸਬੰਧੀ ਦੱਸਿਆ ਜ਼ਾਂਦਾ ਹੈ ਕਿ ਹੇਠ ਲਿਖੇ ਕੰਮ ਪਾਰਕਾਂ ਦੀ ਮੈਨਟੀਨੈਸ ਨਾਲ ਸਬੰਧਤ ਹਨ।ਜਿਹਨਾਂ ਦੀ ਡਿਟੇਲ ਹੇਠ ਲਿਖੇ ਅਨੁਸਾਰ ਹੈ:-<table><tr><th>S. No</th><th>Name of Work</th><th>Estimated Cost (In Lacs</th><th>Work order No</th><th>Name of Agency</th></tr><tr><td>1</td><td>Detailed estimate of MTC</td><td>97.43</td><td>1281 / 13-</td><td>Jaskaran</td></tr></table></td><td>ਸਰਬ-ਸੰਮਤੀ ਨਾਲ ਪ੍ਰਵਾਨ ਹੈ।</td></tr>
</table>

| | | | | |
|---|---|---|---|---|
| | of general parks/General parks in residential & industrial area zone-1 MC SAS Nagar | | 05-22 | Singh Gill Contractor |
| 2 | Detailed estimate of MTC of general parks in residential area zone-1 in MC SAS Nagar. | 71.12 | 1326 / 28-06-22 | G.K. Enterprises |
| 3 | Rough Cost Estimate for annual MTC of special parks of horticulture zone-2 SAS Nagar. | 98.78 | 1280 / 13-05-22 | Star Construction Company |
| 4 | Rough Cost estimate for annual maintenance of general parks of horticulture zone-2 SAS Nagar | 97.18 | 1279 / 13-05-22 | New Janta International, Malerkotla |
| 5 | Maintenance of special park in zone-3 | 57.14 | 1278 / 13-05-22 | Star Construction Company |
| 6 | Maintenance of general park in residential area zone-3 | 98.84 | 1276 / 13-05-22 | Star Construction Company |
| 7 | Maintenance of general park in residential area zone-4 | 78.37 | 1355 / 15-07-22 | G.K. Enterprises |
| 8 | Maintenance of Special park in residential area zone-4 | 60.15 | 1356 / 15-07-22 | G.K. Enterprises |
| 9 | Annual maintenance of nature park ph-8 sec-62 SAS Nagar. | 99.76 | 1277 / 13-05-22 | Jaskaran Singh Gill Contractor |

ਉਕਤ ਪਾਰਕਾਂ ਦੇ ਅਲਾਟ ਕੀਤੇ ਕੰਮ ਲਗਭਗ ਖ਼ਤਮ ਹੋਣ ਵਾਲੇ ਹਨ। ਇਹਨਾਂ ਪਾਰਕਾਂ ਦੀ ਸਾਲਾਨਾ ਦੇਖਭਾਲ ਦੇ ਨਵੇਂ ਤਖਮੀਨੇ ਦੇ ਟੈਂਡਰ ਦੇ ਪ੍ਰਗਤੀ ਅਧੀਨ ਹਨ ਅਤੇ ਇਨਾਂ ਟੈਂਡਰਾਂ ਨੂੰ ਲਗਭਗ 20 ਤੋਂ 25 ਦਿਨਾਂ ਦਾ ਸਮਾਂ ਲੱਗ ਸਕਦਾ ਹੈ। ਪਬਲਿਕ ਹਿੱਤਾ ਨੂੰ ਮੁੱਖ ਰੱਖਦੇ ਹੋਏ ਇਹਨਾਂ ਪਾਰਕਾਂ ਨੂੰ ਲਗਾਤਾਰ ਮੈਨਟੇਨ ਕੀਤਾ ਜਾਣਾ ਅਤਿ ਜਰੂਰੀ ਹੈ। ਇਸ ਲਈ ਜੇਕਰ ਪ੍ਰਵਾਨ ਹੋਵੇ ਤਾਂ ਇਹਨਾਂ ਟੈਂਡਰਾਂ ਨੂੰ 25% ਦਾ ਵਾਧਾ ਕਰ ਲਿਆ ਜਾਵੇ ਜੀ।

ਸੋ ਉਕਤ ਤੱਥਾਂ ਨੂੰ ਮੁੱਖ ਰੱਖਦੇ ਹੋਏ ਇਹਨਾਂ ਤਖਮੀਨਿਆਂ ਵਿੱਚ 25% ਵਾਧਾ ਕਰਨ ਲਈ ਅਤੇ ਕੰਮ ਦੇ

| | | | | |
|---|---|---|---|---|
| | | | ਸਮੇਂ ਦੀ ਮਿਆਦ ਵਿੱਚ ਵਾਧਾ ਕਰਨ ਲਈ ਕੇਸ ਅਗਲੇਰੀ ਕਾਰਵਾਈ ਹਿੱਤ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | |
| 16) | 208 | 10-07-2023 | **R/C Estimate for Const. Of Parking Opp. Kalyan Jewelers Ph-5 (Estimated Cost-62.71 lacs)**<br><br>ਰਿਪੋਰਟ ਇੰਜ: ਸਾਖਾ ਕਿ ਵਿਸ਼ੇ ਸਬੰਧੀ ਕੰਮ ਦਾ ਵਰਕ ਆਰਡਰ ਫ਼ਰਮ Balwinder Singh Contractor ਨੂੰ ਅਲਾਟ ਕੀਤਾ ਗਿਆ ਹੈ। ਇਸ ਕੰਮ ਦੇ ਤਖਮੀਨੇ ਵਿੱਚ Wearing Coarse ਨੂੰ ਪੁੱਟ ਕੇ Wet Mix ਪਾਉਣ ਅਤੇ BM, BC ਦੀ laying ਦਾ ਤਿਆਰ ਕੀਤਾ ਗਿਆ ਸੀ। ਪ੍ਰੰਤੂ Clerical Mistake ਹੋਣ ਕਾਰਨ ਇਸ ਕੰਮ ਦੇ ਤਖਮੀਨੇ ਵਿੱਚ Wet Mix ਦੀ Quantity ਘੱਟ ਹੋਣ ਕਰਕੇ ਤਖਮੀਨੇ ਦੀ ਅਨੁਮਾਨਤ ਲਾਗਤ ਵਿੱਚ ਕਾਫੀ ਫ਼ਰਕ ਹੈ। ਏਜੰਸੀ ਵੱਲੋਂ ਮੌਕੇ ਤੇ ਕੰਮ ਕੀਤਾ ਜਾ ਰਿਹਾ ਹੈ। ਮੌਕੇ ਤੇ ਪਾਰਕਿੰਗ ਦਾ ਬੇਸ ਲੈਵਲ ਠੀਕ ਨਾ ਹੋਣ ਕਰਕੇ ਸਾਰੀ ਪਾਰਕਿੰਗ ਦੀ ਸੜਕ ਨੂੰ Scrap ਕਰ ਲਿਆ ਗਿਆ ਹੈ। ਸੜਕ ਪੱਟੀ ਹੋਣ ਕਰਕੇ ਪਬਲਿਕ ਨੂੰ ਕਾਫੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੌਕੇ ਤੇ ਕੰਮ ਕਰਾਉਣਾ ਅਤਿ ਜਰੂਰੀ ਹੈ ਅਤੇ ਪਬਲਿਕ ਅਤੇ ਇਲਾਕਾ ਕੌਂਸਲਰ ਵੱਲੋਂ ਵੀ ਮੌਕੇ ਤੇ ਕੰਮ ਤੁਰੰਤ ਕਰਨ ਲਈ ਕਿਹਾ ਜਾ ਰਿਹਾ ਹੈ। ਉਕਤ ਕੰਮ ਕਰਵਾਉਣ ਤੇ 25% ਵੱਧ ਦਾ ਖ਼ਰਚਾ ਆਉਣ ਦੀ ਸੰਭਾਵਨਾ ਹੈ। ਇਸ ਸਮੇਂ ਮਾਰਕਿਟ ਵਿੱਚੋਂ ਗੁਜਰਨਾ ਬਹੁਤ ਮੁਸ਼ਕਿਲ ਹੈ। ਸੋ ਯੋਗ ਹੋਵੇਗਾ ਕਿ ਪਬਲਿਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਤਖਮੀਨੇ ਦੀ ਲਾਗਤ ਵਿੱਚ 25% ਦਾ ਵਾਧਾ ਕਰਨ ਲਈ ਕੇਸ ਨਗਰ ਨਿਗਮ ਦੇ ਜਨਰਲ ਹਾਊਸ ਵਿੱਚ ਦੇ ਵਿਚਾਰਨ ਹਿੱਤ ਭੇਜ ਦਿੱਤਾ ਜਾਵੇ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | ਸਰਬ-ਸੰਮਤੀ ਨਾਲ ਪ੍ਰਵਾਨ ਹੈ। |
| 17) | 209 | 10-07-2023 | **P/L of Chain Linking Fencing on N-Choe, MC SAS Nagar.**<br><br>ਰਿਪੋਰਟ ਇੰਜ: ਸਾਖਾ ਕਿ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਇਹ ਕੰਮ ਮਤਾ ਨੰ 1058(04) ਮਿਤੀ 15-06-2023 ਰਾਹੀਂ ਤਖਮੀਨਾ ਰਾਸ਼ੀ- 15.31 ਲੱਖ ਦਾ ਅਲਾਟ ਕੀਤਾ ਗਿਆ ਹੈ। ਇਸ ਕੰਮ ਵਿੱਚ N-Choe ਦੇ ਉੱਪਰ ਪੈਂਦੇ ਪੁੱਲਾਂ ਤੇ ਜਾਲੀ ਲਗਾਈ ਜਾ ਰਹੀ ਹੈ। ਸਵੱਛ-ਭਾਰਤ ਮਿਸ਼ਨ-2023 ਨੂੰ ਮੁੱਖ ਰੱਖਦੇ ਇਸ ਕੰਮ ਨੂੰ 25% ਤੱਕ ਵਧਾਇਆ ਜਾਣਾ ਹੈ ਕਿਉਂਕਿ ਸੈਕਟਰ-67 ਨੇੜੇ ਆਰ.ਐਮ.ਸੀ. ਪੁਆਇੰਟਾਂ ਤੇ ਲੋਕਾਂ ਵੱਲੋਂ N-Choe ਵਿੱਚ ਸੀ ਐਂਡ ਡੀ ਵੇਸਟ ਸੁੱਟਿਆ ਜਾਂਦਾ ਹੈ। ਇਸ ਲਈ ਕੰਮ ਵਿੱਚ ਵਾਧਾ ਕਰਨ ਲਈ ਕੇਸ ਹਾਊਸ ਦੀ ਮੀਟਿੰਗ ਵਿੱਚ ਅਗਲੇਰੀ ਕਾਰਵਾਈ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | ਸਰਬ-ਸੰਮਤੀ ਨਾਲ ਪ੍ਰਵਾਨ ਹੈ। |
| 18) | 210 | 10-07-2023 | **R/C Estimate of development of special park opp. House no. 358 in sec-78 MC S.A.S. Nagar( Est. cost-99.10 lacs).** | ਸਰਬ-ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| | | | ਰਿਪੋਰਟ ਇੰਜ: ਸਾਖਾ ਕਿ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਵਿਸ਼ੇ ਅਧੀਨ ਕੰਮ ਇਸ ਦਫਤਰ ਦੇ ਵਰਕ ਆਰਡਰ ਨੰ 1178 ਮਿਤੀ 21-03-2022 ਰਾਹੀ ਸ੍ਰੀ ਅਜੀਤ ਨਰਸਰੀ ਨੂੰ ਅਲਾਟ ਕੀਤਾ ਗਿਆ ਸੀ। ਇਹ ਕੰਮ ਪ੍ਰਗਤੀ ਅਧੀਨ ਹੈ। ਮੌਜੂਦਾ ਕੌਂਸਲਰ/ ਪਬਲਿਕ ਵੱਲੋਂ ਪਾਰਕ ਦੀ Boulder Masonry wall ਵਿੱਚ ਵਾਧਾ, 2 ਨਵੇਂ Whether Shelter ਅਤੇ Walking track ਵਿੱਚ ਵਾਧਾ, 2 new bench platform, 5 new turn style, ਅਤੇ ਇੱਕ ਵੱਡਾ ਗੇਟ ਅਤੇ ਬਰਸਾਤੀ ਪਾਣੀ ਲਈ Rain water Harvesting system ਲਗਾਉਣ ਦੀ ਮੰਗ ਕੀਤੀ ਗਈ ਹੈ। ਇਹਨਾਂ ਕੰਮਾਂ ਦਾ ਤਖਮੀਨਾ ਤਿਆਰ ਕਰਕੇ ਕੰਮ ਕਰਵਾਉਣ ਵਿੱਚ ਕਾਫੀ ਸਮਾਂ ਲੱਗ ਸਕਦਾ ਹੈ। ਇਹ ਕੰਮ ਤਖਮੀਨਾ ਰਾਸ਼ੀ ਵਿੱਚ 25% ਦਾ ਵਾਧਾ ਕਰਕੇ ਕਰਵਾਇਆ ਜਾ ਸਕਦਾ ਹੈ।<br>ਜੇਕਰ ਪ੍ਰਵਾਨ ਹੋਵੇ ਤਾਂ ਤਖਮੀਨੇ ਰਾਸ਼ੀ ਵਿੱਚ 25% ਵਾਧਾ ਕਰਨ ਲਈ ਅਤੇ ਕੰਮ ਦੇ ਸਮੇਂ ਦੀ ਮਿਆਦ ਵਿੱਚ 1 ਮਹੀਨੇ ਦਾ ਵਾਧਾ ਕਰਨ ਲਈ ਕੇਸ ਅਗਲੇਰੀ ਕਾਰਵਾਈ ਅਤੇ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | |
| 19) | 211 | 10-07-2023 | **Construction of Fire Station at Sector-78 ਦੇ ਕੰਮ ਸਬੰਧੀ।**<br><br>ਰਿਪੋਰਟ ਇੰਜ: ਸਾਖਾ ਕਿ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਵਿਸ਼ੇ ਅਧੀਨ ਕੰਮ ਇਸ ਦਫਤਰ ਦੇ ਵਰਕ ਆਰਡਰ ਨੰ. 1165 ਮਿਤੀ 07-01-2022 ਰਾਂਹੀ R.S Builders ਨੂੰ ਅਲਾਟ ਕੀਤਾ ਗਿਆ ਸੀ। ਇੱਥੇ ਦੱਸਿਆ ਜਾਂਦਾ ਹੈ ਕਿ ਮੋਕੇ ਤੇ ਜਿਸ ਜਗ੍ਹਾ ਉੱਪਰ ਬਿਲਡਿੰਗ ਦੀ ਉਸਾਰੀ ਕੀਤੀ ਜਾਣੀ ਸੀ ਉਸ ਏਰੀਏ ਦਾ ਸਾਰਾ ਲੇਵਲ ਕਾਫੀ ਨੀਵਾਂ ਸੀ। ਇਸ ਜਗ੍ਹਾ ਦਾ ਲੇਵਲ ਉੱਚਾ ਕਰਨ ਲਈ ਮਿੱਟੀ ਦੀ ਭਰਾਈ ਕੀਤੀ ਗਈ ਹੈ, ਜਿਸ ਕਾਰਨ ਬਾਉਂਡਰੀ ਵਾਲ ਦਾ ਡਿਜਾਇਨ ਕਰਵਾਇਆ ਗਿਆ ਨਾਲ ਹੀ ਬਾਉਂਡਰੀ ਵਾਲ ਵਿੱਚ ਕਾਲਮਾਂ ਅਤੇ ਬੀਮਾ/ਗਰਿੱਲਾਂ/ਫੇਸ ਟਾਇਲ ਦੀ ਪ੍ਰਵੀਜਨ ਕੀਤੀ ਗਈ ਹੈ। ਜੋ ਕਿ ਤਖਮੀਨੇ ਵਿੱਚ ਨਹੀਂ ਸੀ। ਇਸ ਦੇ ਨਾਲ ਹੀ ਤਖਮੀਨੇ ਅਨੁਸਾਰ ਕਮਰਿਆਂ ਵਿੱਚ ਕੋਟਾ ਸਟੋਨ ਲਿਆ ਗਿਆ ਸੀ ਪਰ ਮੋਕੇ ਉੱਤੇ ਉਸ ਦੀ ਥਾਂ ਤੇ ਵਿਟਰੀਫਾਇਡ ਫਲੋਰ ਟਾਇਲਾਂ ਲਗਾਈਆਂ ਗਈਆਂ ਹਨ। ਇਸ ਤਖਮੀਨੇ ਵਿੱਚ ਮਮਟੀ /ਪੈਰਾਪਿਟ/ਬਿਲਡਿੰਗ ਦੀਆਂ ਗਰਿੱਲਾਂ ਅਤੇ RCC overhead Tank ਅਤੇ ਉਸ ਦੀਆਂ ਟਾਈਲਾਂ ਦੀ ਪ੍ਰਵੀਜਨ ਨਹੀਂ ਕੀਤੀ ਗਈ ਸੀ । ਜਿਸ ਕਾਰਨ ਇਹ ਤਖਮੀਨਾ 25% ਵੱਧ ਗਿਆ ਹੈ। ਕਿਉਂਜੋ ਇਹ ਕੰਮ ਕਰਵਾਉਣਾ ਅਤਿ ਜਰੂਰੀ ਹੈ।<br>ਸੋ ਉਕਤ ਤੱਥਾਂ ਨੂੰ ਮੁੱਖ ਰੱਖਦੇ ਹੋਏ ਇਸ ਤਖਮੀਨੇ ਵਿੱਚ 25% ਵਾਧਾ ਕਰਨ ਲਈ ਅਤੇ ਕੰਮ ਦੇ ਸਮੇਂ ਦੀ ਮਿਆਦ ਵਿੱਚ ਵਾਧਾ ਕਰਨ ਲਈ ਕੇਸ ਅਗਲੇਰੀ ਕਾਰਵਾਈ ਅਤੇ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ | ਸਰਬ-ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| | | | ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | |
| 20) | 212 | 10-07-2023 | **Estimate for providing & laying of 30mm BC on road from PCL chowk to Spice chowk light point. (Est. Cost = 48.86 lacs) ਕੰਮ ਦੇ ਤਖਮੀਨੇ ਦੀ ਸੇਵਿੰਗ ਵਿੱਚੋਂ ਕੰਮ ਕਰਵਾਉਣ ਸਬੰਧੀ।**<br><br>ਰਿਪੋਰਟ ਇੰਜ: ਸਾਖਾ ਕਿ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਵਿਸ਼ੇ ਅਧੀਨ ਕੰਮ ਇਸ ਦਫ਼ਤਰ ਦੇ ਵਰਕ ਆਰਡਰ ਨੰ: 55 ਮਿਤੀ 19/06/2023 ਰਾਂਹੀ J.B Infrastruture ਨੂੰ ਰਕਮ 33,70,851/- ਰੁਪਏ ਵਿੱਚ ਇਕ ਮਹੀਨੇ ਲਈ ਅਲਾਟ ਕੀਤਾ ਗਿਆ ਸੀ, ਜੋ ਕਿ ਮਿਤੀ 20/06/2023 ਨੂੰ ਸ਼ੁਰੂ ਕੀਤਾ ਗਿਆ ਹੈ ਅਤੇ ਇਹ ਕੰਮ ਪ੍ਰਗਤੀ ਅਧੀਨ ਹੈ। ਵਿਸ਼ੇ ਅਧੀਨ ਕੰਮ ਦੇ ਤਖਮੀਨੇ ਵਿੱਚ PCL chowk to spice chowk light point ਤੱਕ ਦੀ ਰੋਡ ਤੇ BC ਪਾਉਣ ਦਾ ਉਪੰਬਧ ਕੀਤਾ ਹੋਇਆ ਹੈ। ਇਥੇ ਦੱਸਣਯੋਗ ਹੈ ਕਿ PCL chowk to spice chowk light point ਤੱਕ Adjoining Roads ਦੀ ਹਾਲਤ ਕਾਫੀ ਖਰਾਬ ਹੋਣ ਕਾਰਨ ਇਨ੍ਹਾਂ ਦੀ ਰਿਪੇਅਰ ਕਰਵਾਉਣੀ ਅਤਿ ਜਰੂਰੀ ਹੈ। ਇਹਨਾਂ Adjoining Roads ਦੀ ਰਿਪੇਅਰ ਕਰਨ ਲਈ ਨਵਾਂ ਤਖਮੀਨਾਂ ਤਿਆਰ ਕਰਕੇ ਅਲਾਟ ਕਰਨ ਵਿੱਚ ਲਗਭਗ 2 ਮਹੀਨੇ ਦਾ ਸਮਾਂ ਲੱਗ ਸਕਦਾ ਹੈ। ਕਿਉਂ ਜੋ ਵਿਸ਼ੇ ਅਧੀਨ ਤਖਮੀਨੇ ਵਿੱਚ 31.01% ਦੀ ਸੇਵਿੰਗ ਹੈ ਅਤੇ ਇਸ ਸੇਵਿੰਗ ਵਿੱਚੋਂ ਉਕਤ ਰੋਡ ਤੇ ਪੈਂਦੀਆਂ Adjoining Roads ਦੀ ਰਿਪੇਅਰ ਦਾ ਕੰਮ ਕਰਵਾਇਆ ਜਾ ਸਕਦਾ ਹੈ। ਇਸ ਲਈ ਕੰਮ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਮੌਜੂਦਾ ਕੰਮ ਦੇ ਤਖਮੀਨੇ ਦੀ ਸੇਵਿੰਗ ਵਿੱਚੋਂ PCL chowk to spice chowk light point ਤੱਕ ਪੈਂਦੀਆਂ Adjoining Roads ਦੀ ਰਿਪੇਅਰ ਦਾ ਕੰਮ ਕਰਵਾਉਣ ਲਈ ਕੇਸ ਨਗਰ ਨਿਗਮ ਦੇ ਹਾਊਸ ਵਿੱਚ ਭੇਜਣ ਲਈ ਰਿਪੋਰਟ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | ਸਰਬ-ਸੰਮਤੀ ਨਾਲ ਪ੍ਰਵਾਨ ਹੈ। |
| 21) | 213 | 10-07-2023 | **Estimate for providing & laying of 30mm BC on road from Computer Chowk to PCL chowk, phase-5. (Est. Cost = 49.52 lacs) ਕੰਮ ਦੇ ਤਖਮੀਨੇ ਦੀ ਸੇਵਿੰਗ ਵਿੱਚੋਂ ਕੰਮ ਕਰਵਾਉਣ ਸਬੰਧੀ।**<br><br>ਰਿਪੋਰਟ ਇੰਜ: ਸਾਖਾ ਕਿ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਵਿਸ਼ੇ ਅਧੀਨ ਕੰਮ ਇਸ ਦਫ਼ਤਰ ਦੇ ਵਰਕ ਆਰਡਰ ਨੰ: 56 ਮਿਤੀ 19/06/2023 ਰਾਂਹੀ J.B Infrastruture ਨੂੰ ਰਕਮ 34,16,384/- ਰੁਪਏ ਵਿੱਚ ਇਕ ਮਹੀਨੇ ਲਈ ਅਲਾਟ ਕੀਤਾ ਗਿਆ ਸੀ, ਜੋ ਕਿ ਮਿਤੀ 20/06/2023 ਨੂੰ ਸ਼ੁਰੂ ਕੀਤਾ ਗਿਆ ਹੈ ਅਤੇ ਇਹ | ਸਰਬ-ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| | | | ਕੰਮ ਪ੍ਰਗਤੀ ਅਧੀਨ ਹੈ। ਵਿਸ਼ੇ ਅਧੀਨ ਕੰਮ ਦੇ ਤਖਮੀਨੇ ਵਿੱਚ Computer Chowk to PCL chowk, phase-5 ਤੱਕ ਦੀ ਰੋਡ ਤੇ BC ਪਾਉਣ ਦਾ ਉਪੰਬਧ ਕੀਤਾ ਹੋਇਆ ਹੈ। ਇਥੇ ਦੱਸਣਯੋਗ ਹੈ ਕਿ Computer Chowk to PCL chowk, phase-5 ਤੱਕ Adjoining Roads ਦੀ ਹਾਲਤ ਕਾਫੀ ਖਰਾਬ ਹੋਣ ਕਾਰਨ ਇਨ੍ਹਾਂ ਦੀ ਰਿਪੇਅਰ ਕਰਵਾਉਣੀ ਅਤਿ ਜਰੂਰੀ ਹੈ। ਇਹਨਾਂ Adjoining Roads ਦੀ ਰਿਪੇਅਰ ਕਰਨ ਲਈ ਨਵਾਂ ਤਖਮੀਨਾਂ ਤਿਆਰ ਕਰਕੇ ਅਲਾਟ ਕਰਨ ਵਿੱਚ ਲਗਭਗ 2 ਮਹੀਨੇ ਦਾ ਸਮਾਂ ਲੱਗ ਸਕਦਾ ਹੈ। ਕਿਉਂ ਜੋ ਵਿਸ਼ੇ ਅਧੀਨ ਤਖਮੀਨੇ ਵਿੱਚ 31.01% ਦੀ ਸੇਵਿੰਗ ਹੈ ਅਤੇ ਇਸ ਸੇਵਿੰਗ ਵਿੱਚੋਂ ਉਕਤ ਰੋਡ ਤੇ ਪੈਂਦੀਆਂ Adjoining Roads ਦੀ ਰਿਪੇਅਰ ਦਾ ਕੰਮ ਕਰਵਾਇਆ ਜਾ ਸਕਦਾ ਹੈ। ਇਸ ਲਈ ਕੰਮ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਮੌਜੂਦਾ ਕੰਮ ਦੇ ਤਖਮੀਨੇ ਦੀ ਸੇਵਿੰਗ ਵਿੱਚੋਂ Computer Chowk to PCL chowk, phase-5 ਤੱਕ ਪੈਂਦੀਆਂ Adjoining Roads ਦੀ ਰਿਪੇਅਰ ਦਾ ਕੰਮ ਕਰਵਾਉਣ ਲਈ ਕੇਸ ਨਗਰ ਨਿਗਮ ਦੇ ਹਾਊਸ ਵਿੱਚ ਭੇਜਣ ਲਈ ਰਿਪੋਰਟ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | |
| 22) | 214 | 10-07-2023 | **<u>Minutes of Meeting held on 28-04-2023 regarding City Bus Service in S.A.S. Nagar (Mohali).</u>**<br><br>ਰਿਪੋਰਟ ਇੰਜ: ਸਾਖਾ ਕਿ ਵਿਸ਼ੇ ਸਬੰਧੀ ਸੁਪਰਡੈਂਟ ਜਨਰਲ ਡਾਇਰੈਕਟਰੋਟ, ਸਥਾਨਕ ਸਰਕਾਰ ਵਿਭਾਗ ਜੀ ਦੇ ਪੱਤਰ ਨੰ: ਸ2-ਜਸ-ਡਸਸ-2023/26123-28 ਮਿਤੀ: 08-05-23 ਰਾਹੀ ਮਾਨਯੋਗ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ: 28-04-23 ਨੂੰ 04:00 ਵਜੇ City Bus Service in S.A.S Nagar (Mohali) ਸਬੰਧੀ ਮੀਟਿੰਗ ਹੋਈ, ਜਿਸ ਵਿੱਚ ਹੇਠ ਲਿਖੇ ਅਧਿਕਾਰੀਆਂ ਵੱਲੋਂ ਹਿੱਸਾ ਲਿਆ ਗਿਆ:-<br>1) ਕਮਿਸ਼ਨਰ, ਨਗਰ ਨਿਗਮ, ਮੋਹਾਲੀ,<br>2) ਕਾਰਜ ਸਾਧਕ ਅਫ਼ਸਰ, ਨਗਰ ਕੌਂਸਲ, ਜ਼ੀਰਕਪੁਰ,<br>3) ਕਾਰਜ ਸਾਧਕ ਅਫ਼ਸਰ, ਨਗਰ ਕੌਂਸਲ, ਡੇਰਾਬੱਸੀ,<br>4) ਕਾਰਜ ਸਾਧਕ ਅਫ਼ਸਰ, ਨਗਰ ਕੌਂਸਲ, ਖਰੜ੍ਹ,<br>5) ਕਾਰਜ ਸਾਧਕ ਅਫ਼ਸਰ, ਨਗਰ ਕੌਂਸਲ, ਬਨੂੜ,<br>6) ਸੁਖਵਿੰਦਰ ਸਿੰਘ, ਸਹਾਇਕ ਮਿਉਂਸਪਲ ਇੰਜੀਨੀਅਰ, ਨਗਰ ਕੌਸਲ, ਲਾਲੜੂ।<br>ਇਸ ਮੀਟਿੰਗ ਵਿੱਚ ਫੈਸਲਾ ਲਿਆ ਗਿਆ ਕਿ ਸਿਟੀ ਬੱਸ ਸਰਵਿਸ ਪ੍ਰੋਜੈਕਟ ਦੇ ਫੰਡਾਂ ਸਬੰਧੀ ਸੇਅਰ ਦੀ ਪ੍ਰੋਪੋਜਲ ਬਾਰੇ ਵਿਚਾਰ ਵਿਟਾਦਰਾ ਕੀਤਾ ਗਿਆ, ਜਿਸ ਵਿੱਚ ਵੱਖ-ਵੱਖ ਵਿਭਾਗਾ ਦਾ ਹਿੱਸਾ ਹੇਠ ਲਿਖੇ ਅਨੁਸਾਰ ਹੈ:-<br>1) ਨਗਰ ਨਿਗਮ, ਮੋਹਾਲੀ 15%<br>2) ਨਗਰ ਕੌਂਸਲ, ਜ਼ੀਰਕਪੁਰ 22%<br>3) ਨਗਰ ਕੌਂਸਲ, ਖਰੜ੍ਹ 22% | ਸਰਬ-ਸੰਮਤੀ ਨਾਲ ਪ੍ਰਵਾਨ ਹੈ। |

<table>
<tr><td></td><td></td><td></td><td>4) ਗਮਾਡਾ 35%<br>5) ਨਗਰ ਕੌਂਸਲ, ਡੇਰਾਬੱਸੀ 6%<br>ਇਸ ਮੀਟਿੰਗ ਵਿੱਚ ਲਏ ਫੈਸਲੇ ਅਨੁਸਾਰ ਗ੍ਰੇਟਰ ਮੋਹਾਲੀ ਸਿਟੀ ਬੱਸ ਸਰਵਿਸ ਨਾ ਦੀ ਸਪੈਸ਼ਲ ਪਰਪਜ ਵਹੀਕਲ/ ਬਣਾਉਣੋ ਸਬੰਧੀ ਪ੍ਰਵਾਨਗੀ ਦੇਣ ਹਿੱਤ ਮਤਾ ਪਾਸ ਕਰਨਾ ਜਰੂਰੀ ਹੈ। ਰਿਪੋਰਟ ਨਗਰ ਨਿਗਮ ਦੇ ਹਾਊਸ ਦੇ ਵਿਚਾਰਨ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।</td><td></td></tr>
<tr><td>23)</td><td>215</td><td>10-07-2023</td><td><u>ਨਗਰ ਨਿਗਮ, ਐਸ.ਏ.ਐਸ ਨਗਰ ਦੀ ਹਦੂਦ ਅੰਦਰ ਪੈਂਦੇ ਸੀਵਰੇਜ ਅਤੇ ਸਟਾਰਮ ਡਰੇਨੇਜ ਸਿਸਟਮ ਦੀ ਦੁਰਵਰਤੋਂ ਨੂੰ ਰੋਕਣ ਸੰਬਧੀ।</u><br>ਰਿਪੋਰਟ ਇੰਜ: ਸਾਖਾ ਕਿ ਵਿਸ਼ੇ ਸੰਬਧੀ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ,ਐਸ.ਏ.ਐਸ ਨਗਰ ਦੀ ਹਦੂਦ ਅੰਦਰ ਪੈਂਦੇ ਸੀਵਰੇਜ ਅਤੇ ਸਟਾਰਮ ਡਰੇਨੇਜ ਸਿਸਟਮ ਦੀ ਦੁਰਵਰਤੋਂ ਨੂੰ ਰੋਕਣ ਲਈ ਹੇਠ ਲਿਖੇ ਅਨੁਸਾਰ ਤਜਵੀਜ ਤਿਆਰ ਕੀਤੀ ਗਈ ਹੈ:-<br>ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਸ਼ਹਿਰ ਦੇ ਸੀਵਰ ਅਤੇ ਸਟਾਂਰਮ ਵਾਟਰ ਡਰੇਨੇਜ ਸਿਸਟਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਹਮੇਸ਼ਾ ਯਤਨਸ਼ੀਲ ਹੈ। ਇਹਨਾਂ ਸੀਵਰੇਜ਼ ਅਤੇ ਸਟਾਂਰਮ ਵਾਟਰ ਡਰੇਨੇਜ ਸਿਸਟਮ ਨੂੰ ਸਹੀ ਢੰਗ ਨਾਲ ਚਲਾਉਣ ਲਈ ਨਗਰ ਨਿਵਾਸੀਆਂ ਦਾ ਸਹਿਯੋਗ ਅਤਿ ਜਰੂਰੀ ਹੈ। ਇਸ ਲਈ ਇਹਨਾਂ ਸੀਵਰੇਜ਼ ਸਿਸਟਮਜ ਦੀ ਹੇਠ ਲਿਖੇ ਅਨੁਸਾਰ ਦੁਰਵਰਤੋਂ ਕਰਨ ਦੀ ਸਖਤ ਮਨਾਹੀ ਹੈ:-<br>TABLE NO. 1
<table>
<tr><th>ਲੜੀ ਨੰ.</th><th>ਵੇਰਵਾ</th><th></th></tr>
<tr><td>1</td><td>ਰਿਹਾਇਸ਼ੀ/ਕਮਰਸ਼ੀਅਲ/ਉਦਯੋਗਿਕ ਸੀਵਰ ਕੁਨੇਕਸ਼ਨ ਸਟਾਰਮ ਵਾਟਰ ਸੀਵਰ ਵਿੱਚ ਕੀਤਾ ਹੋਣਾ</td><td>ਸਖਤ ਮਨਾਹੀ</td></tr>
<tr><td>2</td><td>ਸੀਵਰ ਕੁਨੇਕਸ਼ਨ ਰਾਹੀਂ ਘੀ/ਤੇਲ /ਫੂਡ ਵੇਸਟ /ਹੋਰ ਅਣਅਧਿਕਾਰਤ ਪਦਾਰਥ ਸੀਵਰ ਵਿੱਚ ਸੁੱਟਣਾ</td><td>ਸਖਤ ਮਨਾਹੀ</td></tr>
<tr><td>3</td><td>ਸੀਵਰ ਕੁਨੈਕਸ਼ਨ ਰਾਹੀਂ Industrial effluent ਦਾ ਸੀਵਰ ਲਾਈਨ ਵਿੱਚ ਸੁੱਟਣਾ</td><td>ਸਖਤ ਮਨਾਹੀ</td></tr>
<tr><td>4</td><td>ਸੀਵਰ/ਸਟਾਂਰਮ ਲਾਈਨਾਂ ਵਿੱਚ ਡੈਅਰੀ ਵੇਸਟ/ਗੋਬਰ/ਚਾਰੇ ਦੀ ਰਹਿੰਦ ਖੁਹੰਦ ਸੁੱਟਣਾ</td><td>ਸਖਤ ਮਨਾਹੀ</td></tr>
<tr><td colspan="3">ਨੋਟ:- ਸ਼ਹਿਰ ਵਿੱਚ ਬਣੇ ਸੋਅਰੂਮਜ, ਬੂਥ, ਵੇ ਸਾਪ ਵਿੱਚ ਬਣੇ Eating Points ਵੱਲੋਂ Grease</td></tr>
</table></td><td>ਸਰਬ-ਸੰਮਤੀ ਨਾਲ ਪ੍ਰਵਾਨ ਹੈ। ਇਸ ਤੋਂ ਇਲਾਵਾ ਸ਼੍ਰੀ ਮਨਜੀਤ ਸਿੰਘ ਸੇਠੀ, ਅਤੇ ਸ਼੍ਰੀ ਸੁਖਦੇਵ ਸਿੰਘ ਮਿਉਂਸਪਲ ਕੌਸਲਰ ਜੀ ਵੱਲੋਂ ਕਿਹਾ ਗਿਆ ਕਿ ਸ਼ਹਿਰ ਦੀਆਂ ਮਾਰਕਿਟਾਂ ਵਿੱਚ ਜੋ ਬੂਥ/ਸੋਰੂਮ ਜਿਸ ਮੱਕਸਦ ਲਈ ਅਲਾਟ ਕੀਤੇ ਗਏ ਹਨ, ਉਹ ਉਹਨਾਂ ਮੱਕਸਦ ਲਈ ਹੀ ਵਰਤੀਆਂ ਜਾਣ, ਨਹੀ ਤਾਂ ਇਹਨਾਂ ਬੂਥਾਂ/ ਸੋ-ਰੂਮਾਂ ਨੂੰ ਸੀਲ ਕੀਤਾ ਜਾਵੇ। ਇਸ ਸਬੰਧੀ ਕਮਿਸ਼ਨਰ ਨੂੰ ਹਦਾਇਤ ਕੀਤੀ ਗਈ ਕਿ ਇਸ ਸਬੰਧੀ ਗਮਾਡਾ ਨਾਲ ਪੱਤਰ ਵਿਹਾਰ ਕਰ ਲਿਆ ਜਾਵੇ।</td></tr>
</table>

**chambers ਬਣਾਇਆ ਜਾਣਾ ਲਾਜ਼ਮੀ ਹੋਵੇਗਾ।**

ਇਥੇ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ Punjab Municipal Corporation Act, 1976 ਦੀ ਧਾਰਾ 203 ਤਹਿਤ ਹੇਠ ਲਿਖੇ ਅਨੁਸਾਰ ਕੁਝ ਪਦਾਰਥ ਮਿਉਂਸਪਲ ਸੀਵਰ ਵਿੱਚ ਸੁਟਣ ਦੀ ਮਨਾਹੀ ਹੈ।

**"203. Certain matters not to be passed into municipal drains.- (1) No person shall throw, empty or turn into any municipal drain or into any drain communicating with a municipal drain-**

**(a) any matter likely to injure the drain or to interfere with the free flow of its contents, or to affect prejudicially the treatment and disposal of its contents; or**

**(b) any chemical, refuse or waste steam, or any liquid of a temperature higher than forty-five degrees centigrade being refuse or steam which, or a liquid which when so heated, is either alone or in combination with contents of the drain ,dangerous, or the cause of a nuisance, or prejudicial to health ; or**

**(c) any dangerous petroleum.**

**(d) in the section, the expression "dangerous petroleum" has the same meaning as in the Petroleum Act, 1934."**

ਉਕਤ ਸਬੰਧੀ ਆਸ ਕੀਤੀ ਜਾਂਦੀ ਹੈ ਕਿ ਸ਼ਹਿਰ ਨਿਵਾਸੀਆਂ ਸੀਵਰੇਜ ਅਤੇ ਸਟਾਂਰਮ ਡਰੇਨੇਜ ਸਿਸਟਮ ਦੀ ਦੇਖਭਾਲ ਲਈ ਨਗਰ ਨਿਗਮ ਨੂੰ ਪੂਰਾ ਸਹਿਯੋਗ ਦੇਣਗੇ ਅਤੇ ਜੇਕਰ ਕਿਸ ਵਿਅਕਤੀ ਵੱਲੋਂ ਉਕਤ ਅਨੁਸਾਰ ਸੀਵਰੇਜ ਅਤੇ ਸਟਾਂਰਮ ਡਰੇਨੇਜ ਸਿਸਟਮ ਦੀ ਦੁਰਵਰਤੋਂ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਦੇ ਖਿਲਾਫ The Punjab Prevention of Damage to Public & Private Property Act 2014( Punjab Act No. 4 of 2017) ਦੀ ਉਲੰਘਣਾ ਤਹਿਤ FIR ਦਰਜ ਕਰਵਾ ਕੇ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਦੀ ਜਾਵੇਗੀ। ਟੇਬਲ ਨੰ. 1 ਅਨੁਸਾਰ ਪਾਲਣਾ ਨਾ ਕਰਨ ਵਾਲਿਆ ਵਿਰੁੱਧ ਹੇਠ ਲਿਖੇ ਅਨੁਸਾਰ ਕਾਰਵਾਈ ਕਰਨ ਲਈ ਤਜਵੀਜ ਪੇਸ਼ ਕੀਤੀ ਜਾਂਦੀ ਹੈ।

**TABLE NO. 2**

| ਲੜੀ ਨੰ. | ਵੇਰਵਾ | ਜੁਰਮਾਨੇ ਦੀ ਰਕਮ |
|---|---|---|
| 1 | ਪਹਿਲੀ ਉਲੰਘਣਾ | 2000/- |
| 2 | ਦੂਜੀ ਉਲੰਘਣਾ | 5000/- |
| 3 | ਤੀਜੀ ਉਲੰਘਣਾ | 1.) ਸੀਵਰ ਕੂਨੈਕਸ਼ਨ ਕੱਟ ਕੇ The Punjab Prevention of Damage to Public & Private Property Act 2014 (Punjab Act No. 4 of 2017) ਦੀ ਉਲੰਘਣਾ ਤਹਿਤ FIR |

| | | | | |
|---|---|---|---|---|
| | | | ਦਰਜ ਕਰਵਾ ਕੇ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਦੀ ਜਾਵੇਗੀ।<br>2.) ਸਬੰਧਤ property Revoke ਕਰਨ ਸਬੰਧੀ ਕਾਰਵਾਈ ਆਰੰਭਣ ਲਈ ਅਸਟੇਟ ਅਫਸਰ, ਗਮਾਡਾ ਨੂੰ ਲਿਖ ਦਿੱਤਾ ਜਾਵੇਗਾ।<br>ਉਪਰੋਕਤ ਨੂੰ ਮੁੱਖ ਰੱਖਦੇ ਹੋਏ ਸੀਵਰੇਜ ਅਤੇ ਸਟਾਰਮ ਵਾਟਰ ਡਰੇਨੇਜ ਨੈੱਟਵਰਕ ਦੀ ਦੁਰਵਰਤੋਂ ਨੂੰ ਰੋਕਣ ਲਈ ਉਪਰੋਕਤ ਤਜਵੀਜ ਮਨਜ਼ੂਰੀ ਹਿੱਤ ਨਗਰ ਨਿਗਮ ਦੇ ਹਾਊਸ ਵਿੱਚ ਭੇਜਣ ਲਈ ਰਿਪੋਰਟ ਪੇਸ਼ ਹੈ ਜੀ।<br>ਉਕਤ ਕੇਸ ਮਾਨਯੋਗ ਕਮਿਸ਼ਨਰ ਜੀ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | |
| 24) | 216 | 10-07-2023 | **Rough Cost estimate for providing and laying RCC 900MM & 1400MM I/D Storm water line to provide relief to water logging prone LIG & MIG Houses of Phase-11 from community centre to Mohali Golf range phase-11, S.A.S Nagar including construction of brick masonry manhole etc. and all other works contingent thereto. (Amount = Rs. 205.00Lacs).**<br>ਰਿਪੋਰਟ ਇੰਜ: ਸਾਖਾ (O&M) ਕਿ ਵਿਸ਼ੇ ਦੇ ਸੰਬਧ ਵਿੱਚ ਇਸ ਦਫਤਰ ਵਿਖੇ ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ ਨੰ. 1, ਐਸ.ਏ.ਐਸ ਨਗਰ ਵੱਲੋਂ ਆਪਣੇ ਪੱਤਰ ਨੰ. 5383 ਮਿਤੀ 31-05-2023 ਰਾਹੀਂ 205.00 ਲੱਖ ਰੂਪੈ ਦਾ ਤਖਮੀਨਾ ਫੰਡਜ ਉਪਲਬਧ ਕਰਾਉਣ ਅਤੇ ਪ੍ਰਸਾਸਕੀ ਪ੍ਰਵਾਨਗੀ ਦੇਣ ਹਿੱਤ ਪ੍ਰਾਪਤ ਹੋਇਆ ਹੈ। ਇਸ ਸੰਬਧੀ ਉਨਾਂ ਵੱਲੋਂ ਆਪਣੀ ਰਿਪੋਰਟ ਵਿੱਚ ਲਿਖਿਆ ਗਿਆ ਹੈ ਕਿ " ਮੌਕੇ ਤੇ ਲੱਗੀਆਂ ਸੀਵਰ ਅਤੇ ਬਰਸਾਤੀ ਪਾਣੀ ਦੀਆਂ ਲਾਈਨਾਂ ਦੀ ਸਾਫ-ਸਫਾਈ ਅਤੇ ਦੇਖਭਾਲ ਦੇ ਨਾਲ-ਨਾਲ ਮੌਕੇ ਤੇ ਬਣੇ ਮੈਨਹੋਲ ਚੈਂਬਰ ਆਦਿ ਦੀ ਵੀ ਨਿਯਮਤ ਰੂਪ ਵਿੱਚ ਰਿਪੇਅਰ ਕਰਵਾਉਣੀ ਪੈਂਦੀ ਹੈ। ਫੇਜ-11, ਐਸ.ਏ.ਐਸ ਨਗਰ ਦੇ ਗੁਰੂਦੁਆਰਾ ਸਾਹਿਬ ਤੋਂ ਲੈ ਕੇ ਮੋਹਾਲੀ ਗੋਲਫ ਰੇਜ਼ ਤੱਕ ਵਿਛੀ ਹੋਈ 48" ਸਾਈਜ਼ ਦੇ ਬਰਿਕ ਸਟਾਰਮ ਡਾਟ ਕਾਫੀ ਪੁਰਾਣੀ ਹੈ ਅਤੇ ਇਹ ਕਾਫੀ ਜਗ੍ਹਾ ਤੋਂ ਡੈਮੇਜ਼ ਹੈ ਇਸ ਸਟਾਰਮ ਪਾਈਪ ਵਿੱਚ ਫੇਜ-11 ਦੀ ਐਲ.ਆਈ.ਜੀ ਅਤੇ ਐਮ.ਆਈ.ਜੀ ਕੁਆਟਰਜ਼ ਦਾ ਬਰਸਾਤੀ ਪਾਣੀ ਆ ਕੇ ਮਿਲਦਾ ਹੈ। ਐਲ.ਆਈ.ਜੀ ਅਤੇ ਐਮ.ਆਈ.ਜੀ ਕੁਆਟਰਜ ਦਾ ਜ਼ਮੀਨੀ ਪੱਧਰ ਕਾਫੀ ਨੀਵਾਂ ਹੈ ਅਤੇ ਉੱਤੇ ਸੰਘਣੀ ਆਬਾਦੀ ਹੋਣ ਕਰਕੇ ਬਰਸਾਤੀ ਪਾਣੀ ਉਨ੍ਹਾਂ ਦੇ ਘਰਾਂ ਵਿੱਚ ਦਾਖਲ ਹੋ ਜਾਂਦਾ ਹੈ ਉਸ ਪਾਣੀ ਦੀ ਤੁਰੰਤ ਨਿਕਾਸੀ ਨਹੀਂ ਹੁੰਦੀ ਕਿਉਂ ਜੋ ਜਿਸ 48" ਵਿਆਸ ਦੀ ਪਾਈਪ ਵਿੱਚ ਇਹ ਪਾਣੀ ਜਾ ਕੇ ਮਿਲਦਾ ਹੈ ਉਹ ਪਾਈਪ ਨੁਕਸਾਨੀ ਹੋਣ ਕਰਕੇ ਇਸ | ਸਰਬ-ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| | | | ਪਾਣੀ ਨੂੰ ਲੈਣ ਦੇ ਸਮਰੱਥ ਨਹੀਂ ਹੈ। ਇਸ ਪਾਈਪ ਨੂੰ ਬਰੀਕੀ ਨਾਲ ਚੈਕ ਕਰਨ ਤੇ ਪਾਇਆ ਗਿਆ ਹੈ ਕਿ ਇਹ ਪਾਈਪ ਨੂੰ ਮੁਰਮੰਤ ਕਰਨਾ ਸੰਭਵ ਅਤੇ ਤਕਨੀਕੀ ਪਖੋਂ ਯੋਗ ਨਹੀਂ ਹੈ। ਇਸ 48" ਸਾਈਜਡ ਦੀ ਬਰਿਕ ਡਾਟ ਦੀ ਥਾਂ ਤੇ 1400 ਐਮ.ਐਮ ਵਿਆਸ ਦੀ ਆਰ.ਸੀ.ਸੀ ਪਾਈਪ ਪਾਉਣ ਦੀ ਤਜਵੀਜ ਹੈ ਤਾਂ ਜੋ ਐਲ.ਆਈ.ਜੀ ਅਤੇ ਐਮ.ਆਈ.ਜੀ ਘਰਾਂ ਨੂੰ ਬਰਸਾਤੀ ਪਾਣੀ ਦੀ ਨਿਕਾਸੀ ਸੰਬਧੀ ਰਾਹਤ ਮਿਲ ਸਕੇ। ਉਕਤ ਨੂੰ ਮੱਦੇ ਨਜਰ ਰੱਖਦੇ ਹੋਏ ਸੰਬਧਤ ਉਪ ਮੰਡਲ ਇੰਜੀਨੀਅਰ ਅਤੇ ਜੂਨੀਅਰ ਇੰਜੀਨੀਅਰ ਵੱਲੋਂ ਮੌਕੇ ਦੀ ਸਥਿਤੀ ਦਾ ਮੁਆਇਨਾ ਕੀਤਾ ਗਿਆ ਅਤੇ ਫੀਲਡ ਡਾਟਾ ਇਸ ਮੰਡਲ ਦਫਤਰ ਨੂੰ ਪੇਸ਼ ਕੀਤਾ ਗਿਆ।"<br>ਉਕਤ ਨੂੰ ਮੱਦੇਨਜਰ ਰੱਖਦੇ ਹੋਏ ਇਸ ਕੰਮ ਸਬੰਧੀ ਤਖਮੀਨੇ ਦੇ ਅੰਕੜੇ, ਰੇਟ ਅਤੇ ਰਕਮ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਅਧਿਕਾਰੀਆਂ ਵੱਲੋਂ ਮੌਕਾ ਚੈੱਕ ਕਰਕੇ ਸਮਰਥ ਅਧਿਕਾਰੀ ਤੋਂ ਪਾਸ ਕਰਵਾ ਕੇ ਇਸ ਦਫਤਰ ਨੂੰ ਪ੍ਰਸਾਸ਼ਕੀ ਪ੍ਰਵਾਨਗੀ ਅਤੇ ਫੰਡਜ ਉਪਲਬਧ ਕਰਵਾਉਣ ਲਈ ਭੇਜੇ ਗਏ ਹਨ। ਇਸ ਲਈ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਤਖਮੀਨੇ ਦੀ ਰਕਮ 2,02,94,528/- ਰੁਪੈ ਅਤੇ ਐਡਵਰਟਾਈਜਮੈਂਟ ਚਾਰਜਸ ਦੀ ਰਕਮ 2,02,945/- ਰੁਪੈ ਕੁੱਲ ਰਕਮ 2,04,97,473/- ਰੁਪੈ ਦੀ ਪ੍ਰਸਾਸਕੀ ਪ੍ਰਵਾਨਗੀ ਦੇਣ ਅਤੇ ਕਾਰਜਕਾਰੀ ਇੰਜੀਨੀਅਰ ਜਲ ਸਪਲਾਈ ਤੇ ਸੈਨੀਟੇਸ਼ਨ ਮੰਡਲ ਨੰ. 1 ਮੋਹਾਲੀ ਨੂੰ ਫੰਡਜ ਉਪਲਬਧ ਕਰਾਉਣ ਲਈ ਰਿਪੋਰਟ ਮਾਨਯੋਗ ਕਮਿਸ਼ਨਰ ਨਗਰ ਨਿਗਮ ਜੀ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਉਪਰੰਤ ਕੇਸ ਨਗਰ ਨਿਗਮ ਦੇ ਹਾਊਸ ਵਿੱਚ ਪ੍ਰਵਾਨਗੀ ਹਿੱਤ ਭੇਜਣ ਲਈ ਰਿਪੋਰਟ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | |
| 25) | 217 | 10-07-2023 | **ਜਗਤਪੁਰਾ ਵਿਖੇ ਹਾਰਟੀਕਲਚਰ ਪਲਾਟ ਤੇ ਕੰਮ ਕਰਵਾਉਣ ਸਬੰਧੀ।**<br><br>ਰਿਪੋਰਟ ਇੰਜ: ਸਾਖਾ ਕਿ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਜਗਤਪੁਰਾ ਵਿਖੇ Supply of labour at Jagarpura point (17.16 lacs), P/L of Boundary wall at Jagatpura point (19.30 lacs) ਅਤੇ R/C Estiamte for construction of Room, office pits, electrical work and other misc. work at Jagatpura point (47.47 lacs) ਕੰਮ ਕਰਵਾਉਣ ਦਾ ਤਖਮੀਨਾ ਤਿਆਰ ਕੀਤਾ ਗਿਆ ਹੈ। ਇਹ ਜਗ੍ਹਾ ਨਗ ਨਿਗਮ ਦੀ ਹਦੂਦ ਤੋਂ ਬਾਹਰ ਹੋਣ ਕਾਰਨ ਇਸ ਕੰਮ ਨੂੰ ਕਰਵਾਉਣ ਲਈ ਪੰਜਾਬ ਮਿਉਂਪਸਲ ਕਾਰਪੋਰੇਸ਼ਨ ਐਕਟ-1976 ਦੀ ਧਾਰਾ 82(3) ਦੇ ਤਹਿਤ ਸਰਕਾਰ ਤੋਂ ਪ੍ਰਵਾਨਗੀ ਲਈ ਜਾਣੀ ਹੈ। ਸੋ ਇਹ ਕੇਸ ਮਾਨਯੋਗ ਹਾਊਸ ਦੀ ਮੀਟਿੰਗ ਵਿੱਚ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | **ਸਰਬ-ਸੰਮਤੀ ਨਾਲ ਪ੍ਰਵਾਨ ਹੈ।** ਇਹ ਕੰਮ ਮਿਉਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 82 (3) ਦੇ ਤਹਿਤ ਸਰਕਾਰ ਦੀ ਪ੍ਰਵਾਨਗੀ ਆਉਣ ਉਪਰੰਤ ਕਰਵਾਇਆ ਜਾਵੇ। |
| 26) | 218 | 10-07-2023 | **ਇੰਜੀਨੀਅਰਿੰਗ ਸਾਖਾ ਵੱਲੋਂ ਹੇਠ ਲਿਖੇ ਤਖਮੀਨੇ ਤਿਆਰ ਕੀਤੇ ਗਏ ਹਨ, ਜੋ ਕਿ ਪ੍ਰਸ਼ਾਸ਼ਕੀ ਪ੍ਰਵਾਨਗੀ ਹਿੱਤ ਪੇਸ਼ ਹਨ:-** | **ਸਰਬ-ਸੰਮਤੀ ਨਾਲ ਪ੍ਰਵਾਨ ਹੈ।** |

<table>
<tr><td></td><td></td><td></td><td>
<table>
<tr><th>ਲੜੀ ਨੰ:</th><th>ਤਖਮੀਨੇ ਦਾ ਨਾਮ</th><th>ਅਨੁਮਾਨਤ ਲਾਗਤ (ਲੱਖਾ ਵਿੱਚ)</th></tr>
<tr><td>A.</td><td>Supply of E-Rickshaw for door to door collection, M.C. S.A.S Nagar.</td><td>99</td></tr>
<tr><td>B.</td><td>RFP for Sectioon of service provider to deploy digital beat maps based smart cleaning operation monitoring system on Software as a Service (SaaS) Basis</td><td></td></tr>
<tr><td>C.</td><td>Purchase of Gobbler in Zone no. 1 Municipal Corporation S.A.S Nagar.</td><td>27</td></tr>
<tr><td>D.</td><td>Purchase of Gobbler in Zone no. 2 Municipal Corporation S.A.S Nagar.</td><td>27</td></tr>
<tr><td>E.</td><td>Purchase of Gobbler in Zone no. 3 Municipal Corporation S.A.S Nagar.</td><td>27</td></tr>
<tr><td>F.</td><td>Purchase of Gobbler in Zone no. 4 Municipal Corporation S.A.S Nagar.</td><td>27</td></tr>
</table>
</td><td></td></tr>
<tr><td>27)</td><td>219</td><td>10-07-2023</td><td><u>ਹੇਠ ਲਿਖੇ ਅਨੁਸਾਰ ਟੇਂਬਲ ਆਇਟਮਾਂ ਮੇਅਰ ਸਾਹਿਬ ਜੀ ਦੀ ਆਗਿਆ ਨਾਲ</u><br><br><u>ਨਗਰ ਨਿਗਮ ਦੀ ਇੰਜੀਨੀਅਰਿੰਗ ਸ਼ਾਖਾ ਲਈ 2 ਨਵੇਂ ਟਰੈਕਟਰਾਂ ਦੀ ਖਰੀਦ ਕਰਨ ਸਬੰਧੀ।</u><br><br>ਰਿਪੋਰਟ ਇੰਜ: ਸਾਖਾ ਕਿ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਇੰਜੀਨਿਰਿੰਗ ਸ਼ਾਖਾ ਲਈ 2 ਨਵੇਂ ਟਰੈਕਟਰਾਂ ਦੀ ਖਰੀਦ ਕੀਤੀ ਜਾਣੀ ਹੈ। ਇੰਜੀਨਅਰਿੰਗ ਸ਼ਾਖਾ ਵੱਲੋਂ ਸ਼ਹਿਰ ਵਿੱਚ ਵੱਖ ਵੱਖ ਥਾਵਾਂ ਤੇ ਪੈਚ ਵਰਕ ਕਰਨ ਅਤੇ ਮਲਬਾ ਚੁੱਕਣ ਅਤੇ ਸਾਫ ਸਫਾਈ ਲਈ ਸ਼ਰਬ ਮਾਸਟਰ ਚਲਾਉਣ ਆਦਿ ਦਾ ਕੰਮ ਕੀਤਾ ਜਾਂਦਾ ਹੈ। ਇਸ ਕੰਮ ਲਈ ਇੰਜੀਨੀਅਰਿੰਗ ਸ਼ਾਖਾ ਕੋਲ 2 ਟਰੈਕਟਰ ਹਨ। ਜੋ ਕਿ ਕਾਫੀ ਪੁਰਾਣੇ ਹੋ ਚੁੱਕੇ ਹਨ। ਇੱਥੇ ਦੱਸਿਆ ਜਾਂਦਾ ਹੈ ਕਿ ਐਸ.ਏ.ਐਸ ਨਗਰ ਸ਼ਹਿਰ ਵਿੱਚ VIP Visit, ਸਰਕਾਰੀ ਫੰਕਸ਼ਨਾ, VIP ਪ੍ਰੋਗਰਾਮ, ਪੰਜਾਬ ਲੈਵਲ ਅਤੇ ਇੰਟਰਨੈਸ਼ਨਲ ਲੈਵਲ ਤੇ ਸੰਮੇਲਨ ਹੁੰਦੇ ਰਹਿੰਦੇ ਹਨ। ਇਹਨਾਂ 2 ਟਰੈਕਟਰਾਂ ਨਾਲ ਕੰਮ ਕਰਨ ਵਿੱਚ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ।<br>ਇਸ ਲਈ ਇੰਜੀਨੀਅਰਿੰਗ ਸ਼ਾਖਾ ਲਈ 2 ਨਵੇਂ Swaraj 735 FEER (PS) ਦੀ ਖਰੀਦ ਕਰਨ ਲਈ ਸਿੱਧੇ ਤੋਰ ਤੇ ਕੰਪਨੀ ਵੱਲੋਂ ਕੁਟੇਸ਼ਨ ਪ੍ਰਾਪਤ ਕੀਤੀ ਗਈ ਹੈ। ਜਿਸ ਵਿੱਚ ਇੱਕ ਟਰੈਕਟਰ ਦੀ ਕੀਮਤ 588000/- (RC+ Insurance) ਹੈ ਅਤੇ 2 ਟਰੈਕਟਰਾਂ ਦੀ ਖਰੀਦ ਕਰਨ ਉੱਤੇ 1176000/- ਰੁਪਏ ਖਰਚਾ ਆਵੇਗਾ।<br>ਉਕਤ ਟਰੈਕਟਰਾਂ ਦੀ ਖਰੀਦ ਸਿੱਧੇ ਤੋਰ ਤੇ ਕੰਪਨੀ ਤੋਂ ਕੀਤੀ ਜਾਵੇਗੀ। ਸੋ ਉਕਤ ਟਰੈਕਟਰਾਂ ਦੀ ਖਰੀਦ ਸਿੱਧੇ ਤੋਰ ਤੇ ਕੰਪਨੀ ਤੋਂ ਕਰਨ ਲਈ ਕੇਸ ਨਗਰ ਨਿਗਮ ਦੀ ਹਾਊਸ ਦੀ ਮੀਟਿੰਗ ਵਿੱਚ ਪ੍ਰਵਾਨਗੀ ਹਿੱਤ</td><td>ਸਰਬ-ਸੰਮਤੀ ਨਾਲ ਪ੍ਰਵਾਨ ਹੈ।</td></tr>
</table>

| | | | | |
|---|---|---|---|---|
| | | | ਪੇਸ਼ ਹੈ ਜੀ।<br>ਉਕਤ ਕੇਸ ਮਾਨਯੋਗ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਮਾਨਯੋਗ ਹਾਊਸ ਦੇ ਵਿਚਾਰਨ ਉਪਰੰਤ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। | |
| 28) | 220 | 10-07-2023 | **ਨਗਰ ਨਿਗਮ ਦੇ ਜੋਨ ਨੰ. 1 ਤੋਂ 4 ਦੇ ਏ ਅਤੇ ਬੀ ਰੋਡਾਂ ਦੀ ਸਫਾਈ ਲਈ ਸਫਾਈ ਸੇਵਕ DC Rate ਤੇ ਰੱਖਣ ਸਬੰਧੀ।**<br>ਰਿਪੋਰਟ ਇੰਜ: ਸਾਖਾ ਕਿ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਸੈਨੀਟੇਸ਼ਨ ਬਰਾਂਚ ਨਗਰ ਨਿਗਮ ਵੱਲੋਂ ਲਿਖਿਆ ਗਿਆ ਹੈ ਕਿ ਨਗਰ ਨਿਗਮ ਐਸ.ਏ.ਐਸ ਨਗਰ ਵੱਲੋਂ 959 ਸਫਾਈ ਸੇਵਕਾਂ (ਕੰਟਰੈਕਟ) ਤੇ ਭਰਤੀ ਕਰਨ ਲਈ ਇਸ਼ਤਿਹਾਰ ਦਿੱਤਾ ਗਿਆ ਸੀ। ਜਿਸ ਤੇ ਕਾਰਵਾਈ ਕਰਦੇ ਹੋਏ 697 ਸਫਾਈ ਸੇਵਕਾਂ ਨੂੰ ਦਫਤਰ ਵੱਲੋਂ ਨਿਯੁਕਤੀ ਪੱਤਰ ਦਿੱਤੇ ਗਏ। ਜਿਸ ਉਪਰੰਤ 629 ਸਫਾਈ ਸੇਵਕਾਂ ਸੇਵਕਾਂ ਵੱਲੋਂ ਆਪਣੀ ਹਾਜਰੀ ਰਿਪੋਰਟ ਪੇਸ਼ ਕੀਤੀ ਗਈ ਪਰ ਕਈ ਸਫਾਈ ਸੇਵਕਾਂ ਵੱਲੋਂ ਨੋਕਰੀ ਤੋਂ ਅਸਤੀਫਾ ਦੇ ਦਿੱਤਾ ਗਿਆ ਹੈ, ਕੁਝ ਸਫਾਈ ਸੇਵਕਾਂ ਦੀ ਮੋਤ ਹੋ ਗਈ ਹੈ ਅਤੇ ਕੁਝ ਸਫਾਈ ਸੇਵਕ ਆਪਣੀ ਡਿਊਟੀ ਤੋਂ ਲਗਾਤਾਰ ਗੈਰ ਹਾਜਰ ਚਲ ਰਹੇ ਹਨ। ਜੂਨ 2023 ਵਿੱਚ 547 ਸਫਾਈ ਸੇਵਕਾਂ ਨੂੰ ਤਨਖਾਹ ਦੀ ਅਦਾਇਗੀ ਕੀਤੀ ਗਈ ਹੈ। ਸੈਨੀਟੇਸ਼ਨ ਅਮਲਾ ਦੀ ਰਿਪੋਰਟ ਅਨੁਸਾਰ ਇਸ ਸਮੇਂ ਸਫਾਈ ਸੇਵਕਾਂ ਦੀਆਂ ਲੱਗਭੱਗ 412 ਅਸਾਮੀਆਂ ਖਾਲੀ ਹਨ।<br>ਇੱਥੇ ਦੱਸਿਆ ਜਾਂਦਾ ਹੈ ਕਿ ਜੋਨ 1 ਤੋਂ 4 ਦੇ ਏ ਅਤੇ ਬੀ ਰੋਡਾਂ ਦੀ ਸਫਾਈ ਲਈ ਹਰੇਕ ਜੋਨ ਵਿੱਚ 50 ਸਫਾਈ ਕਰਮਚਾਰੀ ਕੰਮ ਕਰ ਰਹੇ ਹਨ ਪ੍ਰੰਤੂ ਸਫਾਈ ਸੇਵਕ ਘੱਟ ਹੋਣ ਕਾਰਨ ਕੇਵਲ ਏ ਰੋਡਾਂ ਦੀ ਹੀ ਸਫਾਈ ਕੀਤੀ ਜਾ ਰਹੀ ਹੈ ਅਤੇ ਬੀ ਰੋਡਾਂ ਦੀ ਸਫਾਈ ਨਹੀਂ ਹੋ ਪਾ ਰਹੀ ਜਿਸ ਕਾਰਨ ਸ਼ਹਿਰ ਸਫਾਈ ਦੇ ਕੰਮ ਵਿੱਚ ਵਿਘਨ ਪੈ ਰਿਹਾ ਹੈ ਅਤੇ ਸਫਾਈ ਸਬੰਧੀ ਸ਼ਿਕਾਇਤਾਂ ਵੀ ਪ੍ਰਾਪਤ ਹੋ ਰਹੀਆਂ ਹਨ। ਮਾਨਯੋਗ ਮੇਅਰ ਸਾਹਿਬ ਅਤੇ ਕਮਿਸ਼ਨਰ ਜੀ ਦੀ ਪ੍ਰਧਾਨਗੀ ਹੇਠ ਮਿਤੀ 06/07/2023 ਨੂੰ ਸਫਾਈ ਦੇ ਮੁੱਦੇ ਸਬੰਧੀ ਮੀਟਿੰਗ ਕੀਤੀ ਗਈ ਜਿਸ ਵਿੱਚ ਏ ਅਤੇ ਬੀ ਰੋਡਾਂ ਦੀ ਸਫਾਈ ਲਈ ਹਰੇਕ ਜੋਨ ਵਿੱਚ 50 ਸਫਾਈ ਸੇਵਕ ਆਊਟਸੋਰਸ ਰਾਂਹੀ ਰੱਖਣ ਦੇ ਹੁਕਮ ਕੀਤੇ ਗਏ ਹਨ। ਨਗਰ ਨਿਗਮ ਵੱਲੋਂ ਏ ਅਤੇ ਬੀ ਰੋਡਾਂ ਦੀ ਸਫਾਈ ਲਈ ਮਕੈਨੀਕਲ ਸਵੀਪਿੰਗ ਦੇ ਟੈਂਡਰ ਦੀ ਪ੍ਰਕਿਰਿਆ ਪੂਰੀ ਨਹੀਂ ਹੋ ਜਾਂਦੀ ਉਦੋਂ ਤੱਕ ਜੋਨ ਨੰ. 01 ਤੋਂ 4 ਦੇ ਏ ਅਤੇ ਬੀ ਰੋਡਾਂ ਦੀ ਸਫਾਈ ਲਈ ਹੋਰ ਘੱਟੋ ਘੱਟ ਹਰੇਕ ਜੋਨ ਵਿੱਚ 50 ਸਫਾਈ ਸੇਵਕ ਆਊਟਸੋਰਸ ਰਾਂਹੀ ਸਮੇਤ ਝਾੜੂ ਕਿਸੇ ਏਜੰਸੀ ਤੋਂ ਲੈਣੇ ਉਚਿੱਤ ਹੋਣਗੇ ਤਾਂ ਜੋ ਜੋਨ ਨੰ. 01 ਤੋਂ 4 ਵਿੱਚ ਸਫਾਈ ਸਬੰਧੀ ਆ ਰਹੀਆਂ ਮੁਸ਼ਕਿਲਾਂ ਨੂੰ ਹੱਲ ਕੀਤਾ ਜਾ ਸਕੇ।<br>ਉਕਤ ਸਬੰਧੀ ਦੱਸਿਆ ਜਾਂਦਾ ਹੈ ਕਿ ਸੈਨੀਟੇਸ਼ਨ ਸ਼ਾਖਾ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਜੋਨ ਵਾਈਸ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ।<br>Sr. No \| Name of Work \| E/C (in Lacs) | ਸਰਬ-ਸੰਮਤੀ ਨਾਲ ਪ੍ਰਵਾਨ ਹੈ। |

<table>
<tr>
<td></td>
<td></td>
<td></td>
<td>
<table>
<tr><td>1</td><td>R/C Estimate for Manual Sweeping of A&B Roads of Zone 1 in MC SAS Nagar.</td><td>39.74</td></tr>
<tr><td>2</td><td>R/C Estimate for Manual Sweeping of A&B Roads of Zone 2 in MC SAS Nagar.</td><td>39.74</td></tr>
<tr><td>3</td><td>R/C Estimate for Manual Sweeping of A&B Roads of Zone 3 in MC SAS Nagar.</td><td>39.74</td></tr>
<tr><td>4</td><td>R/C Estimate for Manual Sweeping of A&B Roads of Zone 4 in MC SAS Nagar.</td><td>39.74</td></tr>
</table>
<br>ਸੋ ਉਕਤ ਕੇਸ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਮਾਨਯੋਗ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਮਾਨਯੋਗ ਹਾਉਸ ਦੇ ਵਿਚਾਰਨ ਉਪਰੰਤ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।
</td>
<td></td>
</tr>
<tr>
<td>29)</td>
<td>221</td>
<td>10-07-2023</td>
<td><u>ਸਵੱਛ ਸਰਵੇਖਣ ਦੀਆਂ ਹਦਾਇਤਾਂ ਨੂੰ ਮੁੱਖ ਰੱਖਦੇ ਹੋਏ ਆਮ ਜਨਤਾ ਨੂੰ ਜ਼ੀਰੋ ਵੇਸਟ ਸਬੰਧੀ ਉਤਸਾਹਿਤ ਕਰਨ ਲਈ ਨਗਰ ਨਿਗਮ ਵੱਲੋਂ ਬੁਕਿੰਗ ਕੀਤੇ ਜਾਂਦੇ ਕਮਿਊਨਟੀ ਸੈਂਟਰਾਦੀ ਫੀਸ ਰਕਮ ਵਿੱਚੋਂ 5 ਪ੍ਰਤੀਸ਼ਤ ਛੋਟਸਬੰਧੀ ਤਜਵੀਜ਼ ।</u><br>ਰਿਪੋਰਟ ਸੈਨੀਟੇਸ਼ਨ ਸਾਖਾ ਕਿ ਉਪਰੋਕਤ ਵਿਸ਼ੇ ਸਬੰਧੀ ਸਰਕਾਰ ਵੱਲੋਂ ਸਵੱਛ ਭਾਰਤ ਮਿਸ਼ਨ ਅਧੀਨ ਸ਼ਹਿਰ ਦੀ ਹਦੂਦ ਅੰਦਰ ਪੈਂਦੇ ਮੈਰਿਜ ਪੈਲਸ, ਕਮਿਊਨਿਟੀ ਸੈਂਟਰ ਅਤੇ ਪਾਰਟੀ ਹਾਲ ਆਦਿ ਵਿੱਚ ਆਮ ਜਨਤਾ ਵੱਲੋਂ ਕਰਵਾਏ ਜਾਂਦੇ ਫੰਗਸ਼ਨਾ ਵਿੱਚੋਂ ਜ਼ੀਰੋ ਵੇਸਟ ਕਰਨ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਇਆਂ ਹਨ ਕਿ ਇਨ੍ਹਾਂ ਫੰਗਸ਼ਨਾ ਨੂੰ ਜ਼ੀਰੋ ਵੇਸਟ ਫੰਗਸ਼ਨ ਕਰਨ ਲਈ ਆਮ ਜਨਤਾ ਨੂੰ ਉਤਸਾਹਿਤ ਕਰਨ ਲਈ ਸਬੰਧਤ ਯੂ.ਐਲ.ਬੀਜ਼ ਵੱਲੋਂ ਤਜਵੀਜ਼ ਪੇਸ਼ ਕੀਤੀ ਜਾਵੇ, ਕਿਉਂ ਜੋ ਕਿ ਸਵੱਛ ਭਾਰਤ ਅਧੀਨ ਯੂ.ਐਲ.ਬੀ ਦੀ ਰੈਂਕਿੰਗ ਵਿੱਚ ਇਸ ਦੇ ਨੰਬਰ ਦਿੱਤੇ ਜਾਣੇ ਹਨ।<br>ਉਕਤ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਦੇ ਅਧੀਨ ਕੋਈ ਮੈਜਿਸ ਪੈਲੇਸ ਜਾਂ ਪਾਰਟੀ ਹਾਲ ਨਹੀਂ ਹੈ, ਪ੍ਰੰਤੂ ਨਗਰ ਨਿਗਮ ਵੱਲੋਂ ਇਸ ਸਮੇਂ 14 ਕਮਿਊਨਿਟੀ ਸੈਂਟਰ ਚਲਾਏ ਜਾ ਰਹੇ ਹਨ, ਜਿਥੇ ਆਮ ਜਨਤਾ ਵੱਲੋਂ ਵਿਆਹ, ਪਾਰਟੀ ਆਦਿ ਲਈ ਆਪਣੇ ਫੰਗਸ਼ਨ ਕੀਤੇ ਜਾਂਦੇ ਹਨ। ਇਨ੍ਹਾਂ ਕਮਿਊਨਿਟੀ ਸੈਂਟਰਾ ਵਿੱਚ ਆਮ ਜਨਤਾ ਵੱਲੋਂ ਕਰਵਾਏ ਜਾਂਦੇ ਫੰਗਸ਼ਨਾਂ ਨੂੰ ਜ਼ੀਰੋ ਵੇਸਟ ਫੰਗਸ਼ਨ ਕਰਨ ਲਈ ਨਗਰ ਨਿਗਮ ਦੇ ਕਮਿਊਨਟੀ ਸੈਂਟਰਾ ਦੀ ਬੁਕਿੰਗ ਰਕਮ ਵਿੱਚ ਫੰਗਸ਼ਨ ਖਤਮ ਹੋਣ ਤੋਂ ਬਾਅਦ 5 ਪ੍ਰਤੀਸ਼ਤ ਦੀ ਛੋਟ ਦਿੱਤੀ ਜਾ ਸਕਦੀ ਹੈ ਤਾਂ ਜੋ ਕਿ ਵੱਧ ਤੋਂ ਵੱਧ ਆਮ ਜਨਤਾ ਜ਼ੀਰੋ ਵੇਸਟ ਫੰਗਸ਼ਨ ਕਰਨ ਲਈ ਉਤਸਾਹਿਤ ਹੋਵੇ। ਇਹ 5 ਪ੍ਰਤੀਸ਼ਤ ਦੀ ਰਕਮ ਬਿਨੈਕਾਰਾਂ ਨੂੰ ਫੰਗਸ਼ਨ ਖਤਮ ਤੋਂ ਬਾਅਦ ਰਿਫੰਡ ਕੀਤੇ ਜਾਣ ਵਾਲੀ ਸਕਿਊਰਟੀ ਰਕਮ ਦੇ ਨਾਲ ਸਬੰਧਤ ਚੀਫ ਸੈਨੇਟਰੀ ਇੰਸਪੈਕਟਰ, ਸੈਨੇਟਰੀ ਇੰਸਪੈਕਟਰ ਅਤੇ ਸੈਨੇਟਰੀ ਸੁਪਰਵਾਈਜ਼ਰ ਦੀ ਰਿਪੋਰਟ ਉਪਰੰਤ ਦੇਣੀ</td>
<td>ਸਰਬ-ਸੰਮਤੀ ਨਾਲ ਪ੍ਰਵਾਨ ਹੈ।</td>
</tr>
</table>

| | | | | |
|---|---|---|---|---|
| | | | ਉੱਚਿਤ ਹੋਵੇਗੀ। ਅਜਿਹਾ ਕਰਨ ਨਾਲ ਜਿਥੇ ਇਹ ਫੰਗਸ਼ਨ ਜ਼ੀਰੋ ਵੇਸਟ ਹੋਣਗੇ ਉਥੇ ਹੀ ਸਵੱਛ ਭਾਰਤ ਮਿਸ਼ਨਰ ਅਧੀਨ ਨਗਰ ਨਿਗਮ ਨੂੰ ਇਸ ਦੇ ਨੰਬਰ ਵੀ ਪ੍ਰਾਪਤ ਹੋਣਗੇ ।<br>ਇਥੇ ਇਹ ਵੀ ਦੱਸਣਯੋਗ ਹੈ ਕਿ ਇਨ੍ਹਾਂ ਕਮਿਊਨਿਟੀ ਸੈਂਟਰਾ ਦੀ ਫੀਸ ਪਹਿਲਾਂ ਮਾਨਯੋਗ ਹਾਉਸ ਵੱਲੋਂ ਪ੍ਰਵਾਨ ਕਰਵਾਉਣ ਉਪਰੰਤ ਫਿਕਸ ਕੀਤੀ ਗਈ ਸੀ, ਜੇਕਰ ਹੁਣ ਨਗਰ ਨਿਗਮ ਵੱਲੋਂ ਸਵੱਛ ਭਾਰਤ ਮਿਸ਼ਨ ਅਧੀਨ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਲੋਕਾਂ ਨੂੰ ਇਹ 5 ਪ੍ਰਤੀਸ਼ਤ ਦੀ ਛੋਟ ਦਿੱਤੀ ਜਾਣਾ ਹੈ ਤਾਂ ਉਸ ਸਬੰਧੀ ਵੀ ਪ੍ਰਵਾਨਗੀ ਮਾਨਯੋਗ ਹਾਉਸ ਤੋਂ ਲੈਣੀ ਉੱਚਿਤ ਹੋਵੇਗੀ ਜੀ ।<br>ਉਕਤ ਕੇਸ ਮਾਨਯੋਗ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਮਾਨਯੋਗ ਹਾਉਸ ਦੇ ਵਿਚਾਰਨ ਉਪਰੰਤ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। | |
| 30) | 222 | 10-07-2023 | **Manual Sweeping of C Roads ਦੇ ਕੰਮ ਲਈ ਪਾਸ ਕਰਵਾਈ ਹੋਈ ਰਕਮ ਵਿੱਚੋਂ ਬੱਚੀ ਹੋਈ ਰਕਮ 8.93 ਪ੍ਰਤੀਸ਼ਤ ਅਨੁਸਾਰ ਕੰਮ ਵਿੱਚ ਵਾਧਾ ਕਰਨ ਸਬੰਧੀ ।**<br><br>ਰਿਪੋਰਟ ਇੰਜ: ਸਾਖਾ ਕਿ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਇਸ ਦਫਤਰ ਦੇ ਵਰਕ ਆਰਡਰ ਨੰ. 1201 ਮਿਤੀ 07.04.2022 ਰਾਹੀਂ ਸ਼ਹਿਰ ਦੀ ਹਦੂਦ ਅੰਦਰ ਪੈਂਦੀਆਂ ਸੀ ਰੋਡਾਂ ਦੀ ਸਾਫ-ਸਫਾਈ ਦੇ ਸਮਾਨ ਦੀ ਖਰੀਦ ਕਰਨ ਦਾ ਕੰਮ ਸੰਪਰਕ ਸਰਵਸਿਸ, ਮਕਾਨ ਨੰ. 256, ਸੈਕਟਰ-46ਏ, ਚੰਡੀਗੜ੍ਹ ਨੂੰ ਅਲਾਟ ਕੀਤਾ ਗਿਆ ਸੀ, ਜਿਸ ਦੀ ਮਿਆਦ ਮਿਤੀ 30.07.2023 ਨੂੰ ਖਤਮ ਹੋ ਰਹੀ ਹੈ। ਇਸ ਕੰਮ ਨੂੰ ਨਵੇਂ ਸਿਰੇਂ ਤੋਂ ਠੇਕੇ ਤੇ ਦੇ ਕੇ ਕਰਵਾਉਣ ਲਈ ਸਾਰੀ ਦਫਤਰੀ ਕਾਰਵਾਈ ਕਰਨ ਉਪਰੰਤ ਆਨਲਾਇਨ ਟੈਂਢਰ ਲਗਾ ਕੇ ਵਰਕ ਆਰਡਰ ਜਾਰੀ ਕਰਨ ਵਿੱਚ ਲਗਭਗ 2/3 ਮਹੀਨੇ ਦਾ ਸਮਾਂ ਲਗ ਸਕਦਾ ਹੈ। ਸ਼ਹਿਰ ਦੀ ਸਾਫ ਸਫਾਈ ਦੇ ਕੰਮ ਦੀ ਮਹੱਤਵਤਾ ਨੂੰ ਮੁੱਖ ਰੱਖਦੇ ਹੋਏ ਸਾਫ ਸਫਾਈ ਲਈ ਲੋੜੀਂਦੇ ਸਮਾਨ ਦੀ ਖਰੀਦ ਕਰਨ ਦਾ ਇਹ ਕੰਮ ਬਹੁਤ ਹੀ ਮਹੱਤਪੂਰਨ ਹੈ, ਜਿਸ ਨੂੰ ਰੋਕਿਆ ਨਹੀਂ ਜਾ ਸਕਦਾ। ਇਸ ਦਫਤਰ ਵੱਲੋਂ ਪਹਿਲਾਂ ਇਸ ਕੰਮ ਨੂੰ ਕਰਵਾਉਣ ਲਈ ਰਕਮ 2,14,92,320/- ਰੁਪਏ ਦੀ ਖਰਚੇ ਦੀ ਪ੍ਰਵਾਨਗੀ ਮਾਨਯੋਗ ਹਾਉਸ ਅਤੇ ਸਰਕਾਰ ਤੋਂ ਲਿੱਤੀ ਗਈ ਸੀ। ਇਸ ਕੰਮ ਨੂੰ ਕਰਵਾਉਣ ਲਈ ਪਾਸ ਕਰਵਾਏ ਗਏ ਐਸਟੀਮੇਟ ਦੀ ਰਕਮ ਚੀਫ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਵੱਲੋਂ ਵੈਟਿੰਗ ਉਪਰੰਤ ਰਕਮ 1,95,73,900/- ਰੁਪਏ ਦੇ ਖਰਚੇ ਦੀ ਪ੍ਰਵਾਨਗੀ ਦਿੱਤੀ ਗਈ ਸੀ। ਜਿਸ ਨਾਲ ਕਿ ਉਕਤ ਕੰਮ ਨੂੰ ਕਰਵਾਉਣ ਵਿੱਚ ਜੋ ਖਰਚਾ ਆਇਆ ਹੈ, ਉਹ ਮਾਨਯੋਗ ਹਾਉਸ/ਸਰਕਾਰ ਤੋਂ ਪਾਸ ਕਰਵਾਏ ਗਏ ਖਰਚੇ ਦੀ ਰਕਮ ਤੋਂ 8.93 ਪ੍ਰਤੀਸ਼ਤ ਘੱਟ ਆਇਆ ਹੈ।<br>ਇਸ ਲਈ ਉਕਤ ਕੰਮ ਦੀ ਮਹੱਤਵਤਾ ਨੂੰ ਮੁੱਖ ਰੱਖਦੇ ਹੋਏ ਉੱਚਿਤ ਹੋਵੇਗਾ ਕਿ ਜਦੋਂ ਤੱਕ ਇਹ ਕੰਮ ਨਵੇਂ ਸਿਰੇ ਤੋਂ ਅਲਾਟ ਨਹੀਂ ਹੋ ਜਾਂਦਾ ਉਦੋਂ ਤੱਕ ਇਸ ਕੰਮ ਲਈ ਪਾਸ ਕਰਵਾਈ ਹੋਈ ਰਕਮ ਵਿੱਚੋਂ ਬੱਚੀ ਹੋਈ ਰਕਮ | ਸਰਬ–ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| | | | 8.93 ਪ੍ਰਤੀਸ਼ਤ ਅਨੁਸਾਰ ਕੰਮ ਵਿੱਚ ਵਾਧਾ ਕਰਨ ਲਈ ਕੇਸ ਮਾਨਯੋਗ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਮਾਨਯੋਗ ਹਾਊਸ ਦੇ ਵਿਚਾਰਨ ਉਪਰੰਤ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। | |
| 31) | 223 | 10-07-2023 | **R/C estimate for manual sweeping of C Road of MC S.A.S Nagar 2023-24**.<br><br>ਰਿਪੋਰਟ ਇੰਜ: ਸਾਖਾ ਕਿ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਸੈਨੀਟੇਸ਼ਨ ਬਰਾਂਚ ਵੱਲੋਂ **C Roads** ਦੀ ਮੈਨੁਅਲ ਸਵੀਪਿੰਗ ਲਈ ਤਖਮੀਨਾ ਤਿਆਰ ਕਰਨ ਲਈ ਲਿਖਿਆ ਗਿਆ ਹੈ। ਸੈਨੀਟੇਸ਼ਨ ਬਰਾਂਚ ਵੱਲੋਂ ਲਿਖਿਆ ਗਿਆ ਹੈ ਕਿ ਨਗਰ ਨਿਗਮ ਐਸ.ਏ.ਐਸ ਨਗਰ ਵੱਲੋਂ ਸਫਾਈ ਸੇਵਕਾਂ (ਕੰਟਰੈਕਟ) ਤੇ ਭਰਤੀ ਗਏ ਸਨ। ਇਹਨਾਂ ਸਫਾਈ ਸੇਵਕਾਂ ਵੱਲੋਂ ਸੜਕਾਂ ਦੀ ਸਫਾਈ ਲਈ ਜੋ ਸਮਾਨ ਦੀ ਵਰਤੋਂ ਕੀਤੀ ਜਾਂਦੀ ਹੈ ਉਸ ਦਾ ਤਖਮੀਨਾ ਮਿਤੀ 30-07-2023 ਨੂੰ ਖਤਮ ਹੋ ਰਿਹਾ ਹੈ। ਇਹ ਇੱਕ ਜਰੂਰੀ ਨੇਚਰ ਦਾ ਕੰਮ ਹੈ। ਇਸ ਲਈ ਸਾਲ 2023-2024 ਦਾ ਤਖਮੀਨਾ ਤਿਆਰ ਕੀਤਾ ਗਿਆ ਹੈ ਜੋ ਕਿ ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ ਜੀ ਦੇ ਪੱਤਰ ਨੰ. 37663-64 ਮਿਤੀ 10-07-2023 ਰਾਂਹੀ ਤਕਨੀਕੀ ਪ੍ਰਵਾਨਗੀ ਦਿੱਤੀ ਗਈ ਹੈ। ਜਿਸ ਦੀ ਡਿਟੇਲ ਹੇਠ ਲਿਖੇ ਅਨੁਸਾਰ ਹੈ।<br>**"R/C Estimate for manual sweeping of C Road of MC S.A.S Nagar 2023-24"**<br>ਸੋ ਉਕਤ ਤਖਮੀਨਾ ਅਗਲੇਰੀ ਕਾਰਵਾਈ ਅਤੇ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | ਸਰਬ-ਸੰਮਤੀ ਨਾਲ ਪ੍ਰਵਾਨ ਹੈ। |
| 32) | 224 | 10-07-2023 | <u>ਨਗਰ ਨਿਗਮ ਦੀਆਂ ਵੱਖ-ਵੱਖ ਬਰਾਚਾਂ ਲਈ ਗੱਡੀਆਂ ਦੀ ਖ੍ਰੀਦ ਕਰਨ ਸਬੰਧੀ।</u><br><br>ਰਿਪੋਰਟ ਇੰਜ: ਸਾਖਾ ਕਿ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਸੁਪਰਡੰਟ (ਅਮਲਾ) ਨਗਰ ਨਿਗਮ ਵੱਲੋਂ ਲਿਖਿਆ ਗਿਆ ਹੈ ਕਿ ਹੇਠ ਲਿਖੇ ਅਨੁਸਾਰ ਗੱਡੀਆਂ ਜਿਹਨਾਂ ਨੂੰ ਖਰੀਦ ਕੀਤੇ ਕਾਫੀ ਸਾਲ ਹੋ ਗਏ ਹਨ ਅਤੇ ਇਹਨਾ ਗੱਡੀਆ ਦੀ ਹਾਲਤ ਕਾਫੀ ਖਸੁਤਾ ਹੋ ਚੁੱਕੀ ਹੈ। ਇਹ ਗੱਡੀਆਂ ਕੰਡਮ ਕਰਨੀਆਂ ਬਣਦੀਆਂ ਹਨ।<br><br>ਲੜੀ ਨੰ. \| ਗੱਡੀ ਅਤੇ ਮਾਡਲ \| ਗੱਡੀ ਦਾ ਨੰਬਰ \| ਵਿਸ਼ੇਸ਼ ਕਥਨ<br>1 \| ਅੰਬੈਸਡਰ (2006) \| PB 65 E 0155 \| ਇਹ ਗੱਡੀ ਸੀ.ਵੀ.ਓ (ਸਦਰ ਦਫਤਰ) ਵਿਖੇ ਸ੍ਰੀ ਹਰਪ੍ਰੀਤ ਸਿੰਘ, ਐਕਸੀਅਨ ਵੱਲੋਂ ਵਰਤੋਂ ਵਿੱਚ ਲਿਆਂਦੀ ਜਾਂਦੀ ਹੈ।<br>2 \| ਅੰਬੈਸਡਰ (2004) \| PB 65 C 0108 \|<br><br>ਇੱਥੇ ਇਹ ਦੱਸਿਆ ਜਾਂਦਾ ਹੈ ਕਿ ਉਕਤ ਗੱਡੀਆਂ ਨੂੰ ਖਰੀਦ ਕੀਤੇ 15 ਸਾਲ ਤੋਂ ਵੱਧ ਦਾ ਸਮਾਂ ਹੋ ਚੁੱਕਾ | ਸਰਬ-ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| | | | ਹੈ। ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਿਸੇ ਵੀ ਗੱਡੀ ਨੂੰ 15 ਸਾਲ ਬਾਅਦ ਨਹੀਂ ਚਲਾਇਆ ਜਾ ਸਕਦਾ। ਇਹਨਾਂ ਗੱਡੀਆਂ ਦੇ ਕੰਡਮ ਕਰਨ ਨਾਲ ਇਹਨਾਂ ਗੱਡੀਆਂ ਨੂੰ ਵਰਤਣ ਵਾਲੇ ਅਧਿਕਾਰੀ/ਕਰਮਚਾਰੀਆਂ ਨੂੰ ਦਫਤਰੀ ਅਤੇ ਫੀਲਡ ਦੇ ਕੰਮ ਚਲਾਉਣ ਵਿੱਚ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪਵੇਗਾ। ਸੋ ਇਹਨਾਂ ਗੱਡੀਆਂ ਨੂੰ ਕੰਡਮ ਕਰਕੇ ਇਹਨਾਂ ਦੀ ਥਾਂ ਤੇ 2 ਨਵੀਆਂ ਗੱਡੀਆਂ Boelro ਦੀ ਖਰੀਦ ਕਰਨੀ ਯੋਗ ਹੋਵੇਗੀ।<br>ਸੋ ਉਕਤ ਮੁਤਾਬਿਕ 02 ਨਵੀਆਂ Mahindra Bolero B6 BS6 ਦੀ ਖਰੀਦ ਕਰਨ ਲਈ ਕੰਪਨੀ ਵੱਲੋਂ ਕੁਟੇਸ਼ਨ ਪ੍ਰਾਪਤ ਕੀਤੀ ਗਈ ਹੈ। ਜਿਸ ਦੀ ਇੱਕ ਗੱਡੀ ਦੀ ਕੀਮਤ 884093/- ਰੁਪਏ, ਇਸ ਤੋਂ ਇਲਾਵਾ RC ਅਤੇ Insurance ਲਈ 100000/- ਰੁਪਏ,ਹੈ ਅਤੇ 2 ਗੱਡੀਆਂ ਦੀ ਕੀਮਤ 1968186/-ਰੁਪਏ ਬਣਦੀ ਹੈ।<br>ਉਕਤ ਗੱਡੀਆਂ ਸਿੱਧੇ ਤੋਰ ਤੇ ਕੰਪਨੀ ਦੇ Authorized Dealer ਤੋਂ ਖਰੀਦ ਕੀਤੀਆਂ ਜਾਣੀਆਂ ਹਨ। ਸੋ ਉਕਤ ਕੇਸ ਨਗਰ ਨਿਗਮ ਦੀ ਹਾਊਸ ਦੀ ਮੀਟਿੰਗ ਵਿੱਚ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਮਾਨਯੋਗ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਮਾਨਯੋਗ ਹਾਊਸ ਦੇ ਵਿਚਾਰਨ ਉਪਰੰਤ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। | |

ਨੋਟ:-

1. ਮੀਟਿੰਗ ਦੋਰਾਨ ਕੌਂਸਲਰ ਸਹਿਬਾਨਾਂ ਵੱਲੋਂ ਕਿਹਾ ਗਿਆ ਕਿ ਉਹਨਾਂ ਦੇ ਵਾਰਡਾਂ ਵਿੱਚ ਚੱਲ ਰਹੇ ਵਿਕਾਸ ਦੇ ਕੰਮਾਂ (ਸਿਵਲ, ਹਾਰਟੀਕਲਚਰ, ਸੀਵਰੇਜ/ਸਟਾਰਮ ਆਦਿ) ਦੀ ਫੁੱਲ ਐਡ ਫਾਇਨਲ ਅਦਾਇਗੀ ਕਰਨ ਤੋਂ ਪਹਿਲਾਂ ਕੀਤੇ ਗਏ ਕੰਮਾਂ ਸਬੰਧੀ ਸਬੰਧਤ ਕੌਂਸਲਰ ਵੱਲੋਂ ਰਿਪੋਰਟ ਲਈ ਜਾਵੇ ਅਤੇ ਇਸ ਉਪਰੰਤ ਹੀ ਅਦਾਇਗੀ ਕੀਤੀ ਜਾਵੇ।
2. ਸ਼੍ਰੀ ਕੁਲਜੀਤ ਸਿੰਘ ਬੇਦੀ, ਡਿਪਟੀ ਮੇਅਰ ਵੱਲੋਂ ਕਿਹਾ ਗਿਆ ਕਿ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਫੇਜ-11 ਦਾ ਨਾਮ ਉਘੇ ਸਮਾਜ ਸੇਵੀ ਸ: ਅਮਰੀਕ ਸਿੰਘ ਤਹਿਸੀਲਦਾਰ ਦੇ ਨਾ ਰੱਖਿਆ ਜਾਵੇ, ਇਸ ਤੇ ਸ਼੍ਰੀ ਮਨਜੀਤ ਸਿੰਘ, ਮਿਉਂਸਪਲ ਕੌਂਸਲਰ ਜੀ ਵੱਲੋਂ ਵੀ ਇਸ ਕੰਮ ਪ੍ਰਤੀ ਪੜੋਤਾ ਕੀਤੀ ਗਈ ਅਤੇ ਹਾਊਸ ਵੱਲੋਂ ਕਮਿਸ਼ਨਰ, ਨਗਰ ਨਿਗਮ, ਜੀ ਨੂੰ ਹਦਾਇਤ ਕੀਤੀ ਗਈ ਕਿ ਸਬੰਧਤ ਵਿਭਾਗ ਨਾਲ ਤਾਲਮੇਲ ਕਰਕੇ ਇਸ ਸਬੰਧੀ ਕਾਰਵਾਈ ਨੇਪਰੇ ਚਾੜਿਆ ਜਾਵੇ।
3. ਇਸ ਤੋਂ ਇਲਾਵਾ ਸ਼੍ਰੀ ਕੁਲਜੀਤ ਸਿੰਘ ਬੇਦੀ, ਡਿਪਟੀ ਮੇਅਰ ਜੀ ਵੱਲੋਂ ਕਿਹਾ ਗਿਆ ਕਿ ਐਸ.ਏ.ਐਸ ਨਗਰ ਸ਼ਹਿਰ ਵਿੱਚ ਸਮੂਹ ਕੌਂਸਲਰਾਂ ਦੀ ਮੰਗ ਤੇ ਨਵੇ ਪੇਵਰ ਬਲਾਕ ਲਗਾਉਣ ਦੇ ਕੰਮ ਸ਼ੁਰੂ ਕੀਤੇ ਜਾਣ। ਹਾਊਸ ਵੱਲੋਂ ਨਿਗਰਾਨ ਇੰਜੀਨੀਅਰ, ਨਗਰ ਨਿਗਮ, ਜੀ ਨੂੰ ਹਦਾਇਤ ਕੀਤੀ ਗਈ ਕਿ ਰੂਲਾਂ ਅਨੁਸਾਰ ਇਹ ਕੰਮ ਸ਼ੁਰੂ ਕਰਵਾਏ ਜਾਣ।
4. ਸ਼੍ਰੀ ਕੁਲਜੀਤ ਸਿੰਘ ਬੇਦੀ, ਡਿਪਟੀ ਮੇਅਰ ਜੀ ਵੱਲੋਂ ਕਿਹਾ ਗਿਆ ਕਿ ਮੰਦਿਰ ਕਮੇਟੀ ਦੀ ਮੰਗ ਅਨੁਸਾਰ Industrial area, Phase-9, ਵਿਖੇ ਇੱਕ ਨਵਾਂ ਚੌਕ ਬਣਾਇਆ ਜਾਵੇ ਅਤੇ ਉਸਦਾ ਨਾਮ ਭਗਵਾਨ ਪਰਸ਼ੂਰਾਮ ਜੀ ਦੇ ਨਾਮ ਤੇ ਰੱਖਿਆ ਜਾਵੇ। ਹਾਊਸ ਵੱਲੋਂ ਨਿਗਰਾਨ ਇੰਜੀਨੀਅਰ, ਨਗਰ ਨਿਗਮ, ਜੀ ਨੂੰ ਹਦਾਇਤ ਕੀਤੀ ਗਈ ਕਿ ਰੂਲਾਂ ਅਨੁਸਾਰ ਇਹ ਕੰਮ ਕਰਵਾਇਆ ਜਾਵੇ।
5. ਸਮੂਹ ਕੌਂਸਲਰਾਂ ਦੀ ਮੰਗ ਅਨੁਸਾਰ ਸ਼ਹਿਰ ਵਿੱਚ ਦਰੱਖਤਾਂ ਦੀ ਹਾਇਟ 30' ਤੇ ਨਿਰਧਾਰਿਤ ਕਰਨ ਲਈ ਮਹਿਕਮਾ ਵਣ ਵਿਭਾਗ/ਸਬੰਧਤ ਵਿਭਾਗ ਨਾਲ ਤਾਲਮੇਲ ਕੀਤਾ ਜਾਵੇ ਅਤੇ ਸ਼ਹਿਰ ਵਿੱਚ ਜਿੰਨੇ ਵੀ ਸੁੱਕੇ ਦਰੱਖਤ ਹਨ, ਉਹਨਾਂ ਨੂੰ ਪਹਿਲ ਦੇ ਆਧਾਰ ਤੇ ਕਟਵਾਇਆ ਜਾਵੇ ਤਾਂ ਜੋ ਹੋਣ ਵਾਲੀਆਂ ਘਟਨਾਵਾਂ ਤੋਂ ਬਚਿਆ ਜਾ ਸਕੇ।

ਸਹੀ/-
ਮੇਅਰ,
ਨਗਰ ਨਿਗਮ, ਐਸ.ਏ.ਐਸ ਨਗਰ।